# ਅੰਮ੍ਰਿਤ ਕੀਰਤਨ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਦਸੰਬਰ 1999 ★ ਮੁੱਲ : 10 ਰੁਪਏ

ੴ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ.ਐਚ.ਡੀ.
ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.
ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਜੋਤਿੰਦਰ ਸਿੰਘ**
**ਸ. ਉੱਤਮ ਸਿੰਘ**

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ, ਚੰਡੀਗੜ੍ਹ - 160 015
ਫੋਨ: 0172 - 772660

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961, vide CIT/ CHD/80-G/78/Tech. Dated 30-7-1999 valid upto 31-3-2001

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐੱਸ ਸੀ ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Layout: *sobal specials* (Pager: 9610-8677)

ਅੰਕ 12 ◆ ਸਾਲ ਗਿਆਰਵਾਂ ◆ ਦਸੰਬਰ 1999

2 ਮਿਤ੍ਰ ਅਸਾਡੜੇ ਸੇਈ
3 ਕਰਉ ਬੇਨੰਤੀਆ
4 ਬਲ ਛੁਟਕਿਓ ਬੰਧਨ ਪਰੇ ■ ਡਾ. ਕੇਸਰ ਸਿੰਘ 'ਕੇਸਰ'
11 ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ ■ ਡਾ. ਸੁਰਜੀਤ ਸਿੰਘ ਕੁੰਜਾਹੀ
14 ਗੁਰਸਿਖੀ ਦਾ ਕਰਮ ਇਹ... ■ ਰਮੇਸ਼ ਸਿੰਘ
17 ਰਾਗ ਰਤਨ - ਭਾਈ ਕਰਮ ਸਿੰਘ ਰਤਨ ■ ਡਾ. ਗੁਰਮੀਤ ਸਿੰਘ ਬੈਦਵਾਣ
18 ਇੱਕੀਵੀਂ ਸਦੀ ਵਿੱਚ ਸਿੱਖ ਲੀਡਰਸਿਪ ■ ਭਗਵੰਤ ਸਿੰਘ ਦਲਾਵਰੀ
23 ਪੁਸਤਕ ਸਮੀਖਿਆ ■ ਡਾ. ਗੁਰਮੀਤ ਸਿੰਘ ਬੈਦਵਾਣ
27 Abraham Lincoln's Letter To His Son's Teacher
28 Religious Sects Include a Philosophy & Symbols/Rituals ■ Tarninder Singh
32 ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ ■ ਮਨਮੋਹਨ ਸਿੰਘ
34 ਸੁਰ ਲਿਪੀਆਂ ■ ਭਾਈ ਸੁਬੇਗ ਸਿੰਘ ■ ਪ੍ਰੋ. ਤਾਰਾ ਸਿੰਘ
36 ਗੁਰਮੁਖ ਢੂਂਢ ਢੂਢੇਦਿਆਂ (Free Matrimonial Service)

ਕਵਰ ਚਿੱਤਰਕਾਰ : ਗੁਰਦੀਪ ਸਿੰਘ 'ਦੀਪ'

**ਚੰਦੇ ਦਾ ਵੇਰਵਾ**

| | |
|---|---|
| **ਦੇਸ਼** | |
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |
| **ਵਿਦੇਸ਼** | |
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |

## ਮਿਤ੍ਰ ਅਸਾਡੜੇ ਸੇਈ

★ ਮੈਨੂੰ ਬਹੁਤ ਖੁਸ਼ੀ ਹੈ ਕਿ 'ਅੰਮ੍ਰਿਤ ਕੀਰਤਨ' ਦਿਨੋ ਦਿਨ ਬਹੁਤ ਤਰੱਕੀ ਕਰ ਰਿਹਾ ਹੈ। ਅਕਤੂਬਰ 99 ਦੇ ਅੰਕ ਵਿੱਚ ਪਿਆਰਾ ਸਿੰਘ ਪਦਮ ਜੋ ਅੱਜ ਕਲ੍ਹ ਗੁਹਾਟੀ ਵਿਖੇ ਹਨ ਦੀ ਪਿਆਰੀ ਯਾਦ ਤਾਜਾ ਕਰਵਾ ਦਿੱਤੀ ਹੈ। 1998 ਦੀ ਵਿਸਾਖੀ ਤੇ ਗੁਹਾਟੀ ਵਿਖੇ ਪਦਮ ਸਾਹਿਬ ਨੇ ਸਾਡੇ ਨਾਲ ਕੀਰਤਨ ਵਿੱਚ ਦਿਲਰੁਬਾ ਦੀ ਸੰਗਤ ਦੇ ਕੇ ਚਾਰ ਚੰਨ ਲਾ ਦਿੱਤੇ ਸਨ। ਉੱਥੇ ਪਦਮ ਜੀ ਦਾ ਅੱਠ ਨੌ ਦਿਨ ਸੰਗ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ। ਵਾਕਿਆ ਹੀ ਉਹ ਬੜੇ ਪਿਆਰੇ ਸੱਜਣ ਤੇ ਮਿਲਾਪੜੇ ਸੁਭਾਅ ਵਾਲੇ ਪੁਰਸ਼ ਹਨ। ਅਗਸਤ ਪਰਚੇ ਵਿੱਚ ਰਾਗ ਪ੍ਰੀਖ੍ਯਾ ਵਾਲਾ ਭਾਈ ਸਾਹਿਬ ਸਿੰਘ ਨਾਭਾ ਨਿਵਾਸੀ ਜੀ ਦਾ ਲੇਖ ਬਹੁਤ ਪਸੰਦ ਆਇਆ। ਵਾਹਿਗੁਰੂ 'ਅੰਮ੍ਰਿਤ ਕੀਰਤਨ' ਤੇ ਆਪ ਜੀ ਨੂੰ ਹੋਰ ਤਰੱਕੀ ਬਖਸ਼ੇ।

*- ਭਾਈ ਕਰਮ ਸਿੰਘ ਰਤਨ / ਲੁਧਿਆਣਾ*

★ By printing articles in English, your magazine will be able to attract more readers, especially from abroad.

*- Tarnindar Singh / Mumbai*

★ ਗੁਰੂ ਕ੍ਰਿਪਾ ਦੁਆਰਾ ਜੋ ਸੰਗੀਤਕ ਸੋਚ ਲੈ ਕੇ ਆਪ 'ਅੰਮ੍ਰਿਤ ਕੀਰਤਨ' ਮੈਗਜ਼ੀਨ ਰਾਹੀਂ ਖਾਲਸਾ ਪੰਥ ਦੇ ਰਾਗੀਆਂ ਨੂੰ, ਪ੍ਰਚਾਰਕਾਂ ਨੂੰ ਰਾਗ ਤੇ ਅਧਾਰਤ ਕੀਰਤਨ ਪੜ੍ਹਨ ਲਈ ਜੋ ਗਿਆਨ ਤੇ ਪ੍ਰੇਰਨਾ ਦੇ ਰਹੇ ਹੋ ਬਹੁਤ ਹੀ ਸ਼ਲਾਘਾਯੋਗ ਹੈ। ਸਾਰਾ ਪੰਥ ਇਸ ਕਾਰਜ ਲਈ ਆਪ ਦਾ ਰਿਣੀ ਹੈ।

*- ਰਘਬੀਰ ਸਿੰਘ / ਨਵੀਂ ਦਿੱਲੀ*

★ ਅਕਤੂਬਰ ਦਾ ਅੰਮ੍ਰਿਤ ਕੀਰਤਨ ਬੇਹੱਦ ਪਸੰਦ ਆਇਆ। 'ਕਰਉ ਬੇਨੰਤੀਆ' ਬਹੁਤ ਹੀ ਖੂਬਸੂਰਤ ਸੀ। ਇਸ ਤੋਂ ਇਲਾਵਾ ਡਾ. ਅਨਿਲ ਨਰੂਲਾ ਦਾ 'ਪੰਜਾਬ ਦੇ ਲੋਕ ਸਾਜ਼' ਰਮੇਸ਼ ਸਿੰਘ ਦਾ 'ਲਾਲ ਰੰਗ ਤਿਸੁ ਕਉ ਲਗਾ' ਡਾ. ਗੁਰਮੀਤ ਸਿੰਘ ਬੈਦਵਾਣ ਅਤੇ ਗੁਰਜੰਤ ਸਿੰਘ ਰਾਹੀ ਵਲੋਂ ਵਧੀਆ ਪੁਸਤਕ ਚਰਚਾ ਪੜ੍ਹਨ ਨੂੰ ਮਿਲੀ।

*ਪ੍ਰੋ. ਮੰਗਤ ਸਿੰਘ ਮਸਤਾਨਾ / ਮਲੋਟ*

★ ਹਰੇਕ ਹੀ ਅੰਕ ਆਪ ਜੀ ਦਾ ਬਹੁਤ ਵਧੀਆ ਹੁੰਦਾ ਹੈ। 'ਖਾਲਸੇ ਦੀ 300ਵੀਂ ਵਰ੍ਹੇ ਗੰਢ ਦਾ ਹੁਣ ਜਸ਼ਨ ਮਨਾਈਏ' ਭਗਵੰਤ ਸਿੰਘ ਦਿਲਾਵਰੀ ਦਾ ਇਹ ਲੇਖ ਬਹੁਤ ਪਸੰਦ ਆਇਆ 'ਕਰਉ ਬੇਨੰਤੀਆ' ਵਿੱਚ ਹੋਰ ਪਿਆਰਾ ਸਿੰਘ ਪਦਮ ਪੜ੍ਹ ਕੇ ਮਨ ਖੁਸ਼ ਹੋ ਗਿਆ। ਇਸੇ ਤਰ੍ਹਾਂ ਪ੍ਰੋ. ਅਮਰਜੀਤ ਸਿੰਘ ਵਲੋਂ ਹਜ਼ੂਰੀ ਰਾਗੀ ਭਾਈ ਰਣਧੀਰ ਸਿੰਘ ਬਾਰੇ ਦਿੱਤੀ ਜਾਣਕਾਰੀ ਬੜੀ ਚੰਗੀ ਲੱਗੀ।

*- ਪਰਮਜੀਤ ਸਿੰਘ / ਲੁਧਿਆਣਾ*

★ 'ਅੰਮ੍ਰਿਤ ਕੀਰਤਨ' ਦਾ ਅਕਤੂਬਰ 99 ਅੰਕ ਮੇਰੇ ਹੱਥਾਂ ਵਿੱਚ ਹੈ। ਮੈਂ ਇਹ ਵੇਖਿਆ ਹੈ ਕਿ ਆਪ ਜੀ ਦੇ ਇਸ ਮੈਗਜ਼ੀਨ ਨੇ ਪਿਛਲੇ ਦਸ ਸਾਲਾਂ ਵਿੱਚ ਹਰ ਪਹਿਲੂ ਤੋਂ ਕਾਫੀ ਤਰੱਕੀ ਕੀਤੀ ਹੈ। ਇਸ ਦਾ ਕਵਰ, ਸੁਚੱਜੇ ਲੇਖ ਅਤੇ ਪ੍ਰਿੰਟਿੰਗ ਆਦਿ ਉੱਚੀ ਮਿਆਰ ਦੇ ਹਨ। ਇਹ ਸਭ ਆਪ ਦੇ ਸਹਿਯੋਗੀਆਂ ਦੀ ਮਿਹਨਤ ਅਤੇ ਪ੍ਰਮਾਤਮਾ ਦੀ ਬਖਸ਼ਿਸ਼ ਹੈ ਕਿ 'ਅੰਮ੍ਰਿਤ ਕੀਰਤਨ' ਅੱਜ ਇਹ ਸਥਾਨ ਪ੍ਰਾਪਤ ਕਰ ਗਿਆ ਹੈ। ਜੇਕਰ ਆਪ ਲੇਖਕਾਂ ਦੀ ਜਾਣ ਪਛਾਣ ਕਰਵਾ ਦਿਆ ਕਰੋ ਤਾਂ ਹੋਰ ਵੀ ਚੰਗਾ ਹੋਵੇਗਾ।

*- ਕ੍ਰਿਪਾਲ ਸਿੰਘ ਚੁੱਘ / ਚੰਡੀਗੜ੍ਹ*

★ 'ਅੰਮ੍ਰਿਤ ਕੀਰਤਨ' ਮਿਲਿਆ। ਇਸ ਛੋਟੇ ਪਰ ਖੋਜ ਭਰਪੂਰ ਮੈਗਜ਼ੀਨ ਅੰਦਰ ਸਾਰੇ ਹੀ ਲੇਖ ਵਧੀਆ ਹਨ। ਡਾ. ਜਾਗੀਰ ਸਿੰਘ ਜੀ ਦੁਆਰਾ ਲਿਖਿਤ 'ਦੋਸ ਨਾ ਕਾਹੂ ਕੀਜੀਐ' ਅੰਦਰ ਜੋ ਗੁਰਬਾਣੀ ਤੇ ਆਧਾਰਤ ਵਿਚਾਰ ਦਰਜ ਹਨ ਕਾਫੀ ਪਸੰਦੀਦਾ ਲੱਗੇ।

*- ਗੁਰਦਿਆਲ ਸਿੰਘ ਚਾਸ / ਬੋਕਾਰੋ*

★ 'ਅੰਮ੍ਰਿਤ ਕੀਰਤਨ' ਕੀਰਤਨ ਦਾ ਸਤੰਬਰ ਅੰਕ ਮਿਲਿਆ। ਸਾਰੇ ਹੀ ਲੇਖ ਪੜ੍ਹਨ ਅਤੇ ਸੰਭਾਲਣ ਯੋਗ ਹਨ। ਆਪ ਨੇ 'ਕਰਉ ਬੇਨੰਤੀਆ' ਵਿੱਚ ਠੀਕ ਲਿਖਿਆ ਹੈ ਕਿ ਨਾਦ ਇੱਕ ਬੜਾ ਵੱਡਾ ਸਾਧਨ ਹੈ ਜੋ ਹਰ ਹਿਰਦੇ ਦੇ ਅੰਦਰ ਤੱਕ ਪੁੱਜ ਕੇ ਮਨ ਦੀ ਅਵਸਥਾ ਨੂੰ ਬਦਲ ਦਿੰਦਾ ਹੈ ਤੇ ਗਹਿਰਾ ਅਨੰਦ ਦਿੰਦਾ ਹੈ। ਡਾਕਟਰ ਯਸ਼ਪਾਲ ਸ਼ਰਮਾ ਜੀ ਦਾ ਲੇਖ ਗੁਰਮਤਿ ਸੰਗੀਤ ਦੇ ਪ੍ਰਮੁੱਖ ਕੀਰਤਨਕਾਰ ਡੂੰਘੀ ਖੋਜ ਭਰਿਆ ਲੇਖ ਹੈ। ਇਸ ਨੂੰ ਪੜ੍ਹ ਕੇ ਆਪਣੇ ਮਹਾਨ ਵਿਰਸੇ ਪ੍ਰਤੀ ਹੋਰ ਸਤਿਕਾਰ ਪੈਦਾ ਹੁੰਦਾ ਹੈ। ਕਿਤਨੇ ਮਹਾਨ ਸਨ ਸਾਡੇ ਕੀਰਤਨੀਏ। ਸ੍ਰ. ਰਮੇਸ਼ ਸਿੰਘ ਦਾ ਲੇਖ ਪੜ੍ਹ ਕੇ ਮਨ ਨੂੰ ਧੀਰਜ ਆਂਵਦੀ ਹੈ ਤੇ ਉਸ ਅਵਸਥਾ ਨੂੰ ਪ੍ਰਾਪਤ ਕਰਨ ਦਾ ਮਨ ਕਰਦਾ ਹੈ। ਇਹ ਸਭ ਆਪ ਦੀ ਲਗਨ ਅਤੇ ਆਪ ਦੇ ਸਹਿਯੋਗੀਆਂ ਦੀ ਮਿਹਨਤ ਦਾ ਸਦਕਾ ਹੈ ਕਿ ਹਰ ਮਹੀਨੇ ਇਤਨਾ ਸੋਹਣਾ ਅੰਮ੍ਰਿਤ ਕੀਰਤਨ ਪੜ੍ਹਨ ਨੂੰ ਮਿਲਦਾ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਆਪ ਸਭ ਨੂੰ ਸਿਹਤਯਾਬੀ ਅਤੇ ਲੰਬੀ ਆਯੂ ਬਖਸੇ ਤਾਂ ਜੋ ਆਪ ਇਸੇ ਤਰ੍ਹਾਂ ਮਨੁੱਖਤਾ ਦੀ ਸੇਵਾ ਕਰਦੇ ਰਹੋ। ਆਪ ਦੀ ਕੈਸਟ 'ਭਜਹੁ ਗੋਬਿੰਦ' ਵਿੱਚੋਂ ਸ਼ਬਦ 'ਸਾਹਿਬ ਨਿਤਾਣਿਆ ਕਾ ਤਾਣ' ਬਾਰ-ਬਾਰ ਸੁਣ ਰਹੇ ਹਾਂ। ਇਹ ਸਾਨੂੰ ਚੜ੍ਹਦੀ ਕਲਾ ਵਿੱਚ ਲੈ ਜਾਂਦਾ ਹੈ।

*- ਟਿ. ਨਰਿੰਦਰ ਪਾਲ ਸਿੰਘ / ਨਵੀਂ ਦਿੱਲੀ*

# ਕਰਉ ਬੇਨੰਤੀਆ

## ਜੇ ਗੁਣ ਹੋਵਨਿ ਸਾਜਨਾ

ਪਿੱਛੇ ਜਿਹੇ ਭਾਈ ਕਾਹਨ ਸਿੰਘ ਨਾਭਾ ਜੀ ਦਾ ਤਿਆਰ ਕੀਤਾ 'ਗੁਰਮਤਿ ਮਾਰਤੰਡ' ਫਰੋਲ ਰਿਹਾ ਸਾਂ।

ਭਾਈ ਸਾਹਿਬ ਦੀ ਘਾਲਣਾ ਤੇ ਬਲਿਹਾਰ ਜਾਣ ਨੂੰ ਜੀ ਕਰਦਾ ਹੈ। ਉਹਨਾਂ ਨੇ ਇੰਤਨਾ ਕੰਮ ਕਿਵੇਂ ਕੀਤਾ ਹੋਵੇਗਾ? ਇਹ ਸਾਰਾ ਕੁਝ ਕਰਨ ਲਈ ਇੱਕ ਵਿਸ਼ੇਸ਼ ਤਰ੍ਹਾਂ ਦੀ ਜੀਵਨ-ਸ਼ੈਲੀ ਦਾ ਧਾਰਨੀ ਬਣਨਾ ਪੈਂਦਾ ਹੈ। ਨਿੱਠ ਕੇ, ਇਕਾਗਰ ਹੋ ਕੇ ਬੈਠਣਾ, ਲੰਮੇ ਸਮੇਂ ਤੱਕ ਪੜ੍ਹਨ ਦਾ ਅਭਿਆਸ ਹੋਣਾ, ਇਹ ਪੜ੍ਹਨਾ ਕੋਈ ਨਾਵਲ ਪੜ੍ਹਨ ਵਾਂਗ ਨਹੀਂ ਸਗੋਂ ਇੱਕ-ਇੱਕ ਅੱਖਰ ਉੱਤੇ ਨਜ਼ਰ ਜਾਣੀ ਤੇ ਸੋਚ-ਸਮਝ ਕੇ ਉਸ ਦੀ ਵਰਤੋਂ ਕਰਨੀ! ਇਹ ਕੰਮ ਕੋਈ ਗਲਾਧੜ ਅਤੇ ਫਿਰਤੂ ਜਿਹਾ ਬੰਦਾ ਨਹੀਂ ਕਰ ਸਕਦਾ।

'ਗੁਰਮਤਿ ਮਾਰਤੰਡ' ਦੇ ਤਤਕਰੇ ਤੇ ਨਜ਼ਰ ਮਾਰੀ ਤਾਂ ਉੱਥੇ ਕੁਝ ਸ਼ਬਦ ਨਜ਼ਰ ਆਏ - ਉੱਦਮ, ਉਪਦੇਸ਼ਕ, ਅਸਭਿਅ, ਕ੍ਰਿਤਘਣ, ਆਹਾਰ, ਆਲਸ, ਸਹਜ, ਸਫਾਈ, ਸੰਜਮ, ਸੰਤੋਖ, ਇਸ਼ਨਾਨ, ਹਉਮੈ, ਈਰਖਾ, ਕਿਰਤ-ਕਮਾਈ, ਕੌੜਾ ਅਤੇ ਮਿੱਠਾਬੋਲ, ਖਿਮਾ, ਗੁਣਾਂ ਦੀ ਸਾਂਝ ਆਦਿ। ਜਦੋਂ ਇਨ੍ਹਾਂ ਸ਼ਬਦਾਂ ਬਾਰੇ ਵਿਸਥਾਰ ਪੜ੍ਹਿਆ ਤਾਂ ਇੱਕ ਖਾਸ ਤਰ੍ਹਾਂ ਦੀ ਸ਼ਖਸੀਅਤ ਦੀ ਤਸਵੀਰ ਬਣਦੀ ਨਜ਼ਰ ਆਈ। ਫਿਰ ਆਸੇ-ਪਾਸੇ ਝਾਤ ਮਾਰੀ ਕਿ ਅਜਿਹੀ ਸ਼ਖਸੀਅਤ ਦੇ ਮਾਲਕ ਕੋਈ ਵਿਅਕਤੀ ਨਜ਼ਰ ਆਉਂਦੇ ਹਨ ਕਿ ਨਹੀਂ। *'ਹੈਣ ਵਿਰਲੇ ਨਾਹੀਂ ਘਣੇ'* ਵਾਲੀ ਗੱਲ ਢੁੱਕਦੀ ਜਾਪ ਰਹੀ ਸੀ।

ਜਦੋਂ ਤੋਂ ਅਸੀਂ ਕੌਮ, ਪੰਥ, ਸੰਗਤ ਆਦਿ ਸਮੂਹ ਦੀ ਵਡਿਆਈ ਕਰਨ ਲਗ ਪਏ ਹਾਂ ਉਦੋਂ ਤੋਂ ਵਿਅਕਤੀ ਨੂੰ ਅਸੀਂ ਗੌਣ ਬਣਾ ਦਿੱਤਾ ਹੈ। ਅਜਿਹਾ ਕਰਦੇ ਸਮੇਂ ਵਿਅਕਤੀ ਦੀ ਚੰਗਿਆਈ ਜਾਂ ਬੁਰਿਆਈ ਵੱਲ ਧਿਆਨ ਘੱਟ ਜਾਂਦਾ ਹੈ। ਕੋਈ ਘਟੀਆ ਵਿਅਕਤੀ ਵੀ ਜੇ ਸਾਡੇ ਸਮੂਹ ਵਿੱਚ ਸ਼ਾਮਿਲ ਹੋ ਜਾਵੇ ਤਾਂ ਅਸੀਂ ਉਸ ਨੂੰ ਚੰਗਾ ਗਿਣਨ ਲੱਗ ਪੈਂਦੇ ਹਾਂ ਅਤੇ ਜੇ ਕੋਈ ਵਧੀਆ ਵਿਅਕਤੀ ਸਾਡੇ ਧੜੇ ਤੋਂ ਬਾਹਰ ਚਲਾ ਜਾਂਦਾ ਹੈ ਤਾਂ ਅਸੀਂ ਰਾਤੋ-ਰਾਤ ਉਸ ਨੂੰ ਔਗੁਣਾਂ ਭਰਪੂਰ ਬਣਾ ਦਿੰਦੇ ਹਾਂ। ਇਹੋ ਕਾਰਨ ਹੈ ਕਿ ਵਿਅਕਤੀ ਆਪਣੇ ਵਿੱਚ ਗੁਣ ਪੈਦਾ ਕਰਨ ਦੀ ਥਾਂ ਕਿਸੇ ਵਿਸ਼ੇਸ਼ ਧੜੇ ਵਿੱਚ ਸ਼ਾਮਿਲ ਹੋਣ ਦਾ ਜਤਨ ਕਰਦਾ ਹੈ। ਇਸ ਪ੍ਰਕਾਰ ਦੇ ਲੋਕਤੰਤਰ ਨੇ ਵਿਅਕਤੀ ਦੀ 'ਵੋਟ' ਨੂੰ ਮਹੱਤਤਾ ਦਿੱਤੀ ਹੈ, ਉਸ ਦੇ ਗੁਣ ਨੂੰ ਨਹੀਂ। ਪਰ ਕੌਮ ਤਾਂ ਵਿਅਕਤੀਆਂ ਦੇ ਸਮੂਹ ਨੂੰ ਕਹਿੰਦੇ ਹਨ। ਕਿਸੇ ਕੌਮ ਦਾ ਵਧੀਆ-ਘਟੀਆ ਹੋਣਾ ਉਸਦੇ ਵਿਅਕਤੀਆਂ ਦੇ ਆਚਰਨ ਤੇ ਹੀ ਨਿਰਭਰ ਕਰਦਾ ਹੈ। ਕੀ ਇਸ ਵੇਲੇ ਸਾਡੀ ਕੌਮ ਵਿੱਚ ਚੰਗੇ ਆਚਰਨ ਵਾਲੇ ਵਿਅਕਤੀਆਂ ਦੀ ਘਾਟ ਮਹਿਸੂਸ ਨਹੀਂ ਹੋ ਰਹੀ?

ਜਿਸ ਪ੍ਰਕਾਰ ਦੇ ਗੁਣਾਂ ਦਾ ਜ਼ਿਕਰ ਭਾਈ ਕਾਹਨ ਸਿੰਘ ਨਾਭਾ ਨੇ ਕੀਤਾ ਹੈ ਉਹਨਾਂ ਨੂੰ ਧਾਰਨ ਕਰਕੇ ਵਧੀਆ ਵਿਅਕਤੀ ਬਣਿਆ ਜਾ ਸਕਦਾ ਹੈ। ਇਹ ਅੱਜ ਦੀ ਨਵੀਂ ਪਨੀਰੀ ਨੂੰ ਵਧੇਰੇ ਸਿਖਾਉਣ ਦੀ ਲੋੜ ਹੈ ਕਿਉਂਕਿ ਇਸੇ ਨਾਲ ਭਵਿੱਖ ਵਿੱਚ ਕੌਮ ਦੀ ਸਿਰਜਣਾ ਹੋਣੀ ਹੈ।

# ਬਲ ਛੁਟਕਿਓ ਬੰਧਨ ਪਰੇ

ਡਾ. ਕੇਸਰ ਸਿੰਘ 'ਕੇਸਰ' ★

ਸ੍ਰੀ ਗੁਰੂ ਤੇਗ ਬਹਾਦੁਰ ਦੀ ਬਾਣੀ ਉਪਦੇਸ਼ਾਤਮਕ ਹੈ। ਇਸ ਵਿਚਲੇ ਉਪਦੇਸ਼ਕ ਦੀ ਆਪਣੇ ਸਰੋਤੇ ਨਾਲ ਹਮਦਰਦੀ ਕੁਝ ਇਸ ਤਰ੍ਹਾਂ ਦੀ ਹੈ ਜਿਵੇਂ ਇੱਕ ਮਨੋਰੋਗੀ ਨਾਲ ਕਿਸੇ ਮਨੋਵਿਗਿਆਨੀ ਡਾਕਟਰ ਦੀ ਹੁੰਦੀ ਹੈ। ਡਾਕਟਰ ਆਪਣੇ ਮਰੀਜ਼ ਨੂੰ ਬੜੇ ਪਿਆਰ ਨਾਲ ਸਮਝਾ ਬੁਝਾ ਕੇ ਅਰੋਗ ਕਰਨ ਦੇ ਜਤਨ ਵਿਚ ਹੈ: *ਕਹੁ ਨਾਨਕ ਹਰਿ ਭਜ ਮਨਾ, ਕਹੁ ਨਾਨਕ ਨਰ ਬਾਵਰੇ, ਕਹੁ ਨਾਨਕ ਸੁਨ ਰੇ ਮਨਾ, ਕਹੁ ਨਾਨਕ ਸੁਨ ਮੀਤ।*

'ਨਰ ਬਾਵਰੇ', 'ਸੁਨ ਰੇ ਮਨਾ' ਤੇ 'ਸੁਨ ਮੀਤ' ਵਰਗੇ ਸੰਬੋਧਨੀ ਸ਼ਬਦਾਂ ਵਿੱਚ ਜੋ ਅਪਣੱਤ ਹੈ ਉਸ ਤੋਂ ਉਪਦੇਸ਼ਕ ਦੀ ਮਹਾਨਤਾ, ਉੱਚਤਾ, ਗਿਆਨ ਤੇ ਮਾਨਸਿਕ ਸੰਤੁਲਨ ਦਾ ਵੀ ਪਤਾ ਲਗਦਾ ਹੈ ਤੇ ਸੁਣਨ ਵਾਲੇ ਦੇ ਅਗਿਆਨੀ, ਵਿਸ਼ਾਦ-ਗ੍ਰਸਤ ਤੇ ਨਿਤਾਣੇ ਆਪੇ ਦਾ ਵੀ। ਮਨ ਦੇ ਇਸ ਰੋਗ ਦੀ ਟੋਹ ਰਤਾ ਕੁ ਅੱਗੇ ਜਾ ਕੇ ਮਿਲਦੀ ਹੈ ਜਦੋਂ 'ਨਾਨਕ' ਨਾਂ ਦਾ ਮਸੀਹਾ ਆਪਣੇ ਰੋਗੀ ਦੀ ਹਾਲਤ ਉੱਤੇ ਤਰਸ ਖਾ ਕੇ ਉਸ ਦੇ ਕਲਿਆਣ ਲਈ ਸਰਬ-ਸ਼ਕਤੀਮਾਨ (ਹਰਿ) ਅੱਗੇ ਇਉਂ ਅਰਦਾਸ ਕਰਨ ਲੱਗ ਪੈਂਦਾ ਹੈ :

*ਬਲੁ ਛੁਟਕਿਓ ਬੰਧਨ ਪਰੇ*
*ਕਛੂ ਨ ਹੋਤਿ ਉਪਾਇ।*
*ਕਹੁ ਨਾਨਕ ਅਬ ਓਟ ਹਰਿ*
*ਗਜ ਜਿਉ ਹੋਹੁ ਸਹਾਇ॥*

(ਦੋਹਿਰਾ, ਸਲੋਕ ਮਹਲਾ ੯)

ਰੋਗ ਇਹ ਹੈ ਕਿ ਇੱਕ ਬਲਹੀਣ ਮਨੁੱਖ ਦੇ ਪੈਰੀਂ ਬੇੜੀਆਂ ਪੈ ਗਈਆਂ ਹਨ। ਫਿਰ ਇਹ ਰੋਗ ਮਨ ਦਾ ਕਿਵੇਂ ਹੋਇਆ? ਕੀ ਇਸ ਦਾ ਸਾਫ ਸਿੱਧਾ ਅਰਥ ਇਹ ਨਹੀਂ ਕਿ ਕਿਰਤੀ-ਕਿਸਾਨ (ਆਰਥਕ ਤੌਰ ਤੇ ਨਿਰਬਲ) ਵਰਗ ਨੂੰ ਜਗੀਰਦਾਰ ਵਰਗ (ਆਰਥਕ ਤੌਰ ਤੇ ਬਲਵਾਨ) ਨੇ ਲੁੱਟ (ਸ਼ੋਸ਼ਣ) ਦੀਆਂ ਬੇੜੀਆਂ ਪਾਈਆਂ ਹੋਈਆਂ ਹਨ ਜਾਂ ਹਾਕਮ ਸ਼੍ਰੇਣੀ ਨੇ ਨਿਮਾਣੀ ਨਿਤਾਣੀ ਜਨਤਾ ਨੂੰ ਬੇੜੀਆਂ ਪਾ ਕੇ ਜੇਲ੍ਹਾਂ ਵਿੱਚ ਸੁੱਟਿਆ ਹੋਇਆ ਹੈ ਤੇ ਉਨ੍ਹਾਂ ਦੀ ਬੰਦ-ਖਲਾਸ ਲਈ ਇਨਕਲਾਬ (ਹਰਿ) ਨੂੰ ਬੇਨਤੀ ਕੀਤੀ ਜਾ ਰਹੀ ਹੈ ਕਿ ਤੂੰ ਇਨ੍ਹਾਂ ਗਰੀਬਾਂ ਦੀ ਉਸੇ ਤਰ੍ਹਾਂ ਸਹਾਇਤਾ ਕਰ ਜਿਵੇਂ ਤੂੰ ਇੱਕ ਸਰਾਪੇ ਹੋਏ ਤੇ ਹਾਥੀ ਬਣੇ ਹੋਏ ਗੰਧਰਵ ਨੂੰ ਵਰੁਣ ਦੇ ਤਲਾਉ ਵਿੱਚੋਂ ਤੰਦੂਏ ਦੀ ਪਕੜ ਵਿੱਚੋਂ ਛੁਡਾਇਆ ਸੀ? ਨਹੀਂ ਜੀ, ਮੈਨੂੰ ਇਹ ਅਰਥ ਨਹੀਂ ਜਾਪਦਾ। ਕਿਸੇ ਕਾਵਿ-ਰਚਨਾ ਨੂੰ ਉਸ ਦੇ ਪ੍ਰਸੰਗ ਤੋਂ ਵੱਖ ਕਰਕੇ ਕੁਝ ਵੀ ਅਰਥ ਲਾਏ ਜਾ ਸਕਦੇ ਹਨ, ਪਰ ਸਹੀ ਅਰਥ ਉਹ ਹੋਣਗੇ ਜੋ ਕਵੀ ਦੀ ਸਮੁੱਚੀ ਰਚਨਾ ਦੇ ਪ੍ਰਸੰਗ ਵਿੱਚ ਕੀਤੇ ਜਾਣਗੇ। ਗੁਰੂ ਤੇਗ ਬਹਾਦਰ ਦੀ ਸਾਰੀ ਬਾਣੀ ਦੇ ਪਾਠ ਤੋਂ ਉਪਰਲੇ ਦੋਹਿਰੇ ਦਾ ਇਹੋ ਅਰਥ ਬਣਦਾ ਹੈ ਕਿ ਮਨੁੱਖ ਦਾ ਮਨੋਬਲ ਜਾਂ ਆਤਮਿਕ ਬਲ ਖੀਣ ਹੋ ਗਿਆ ਹੈ ਤੇ ਉਸ ਨੂੰ ਅਨੇਕ ਪ੍ਰਕਾਰ ਦੇ ਭੈ ਨੇ ਘੇਰ ਲਿਆ ਹੈ।

ਗੁਰੂ ਸਾਹਿਬ ਦੀ ਬਾਣੀ ਵਿੱਚ ਭੈ-ਗ੍ਰਸਤ ਮਨੁੱਖ ਦਾ ਜੋ ਚਿਤ੍ਰ ਮੈਨੂੰ ਨਜ਼ਰ ਆਇਆ ਹੈ ਉਹ ਇੱਕ ਵਿਅਕਤੀ (ਜਾਂ ਵਰਗ ਸੀਮਤ ਵਿਅਕਤੀ) ਦਾ ਨਹੀਂ, ਸਗੋਂ ਸਰਬ-ਸਾਧਾਰਣ ਮਨੁੱਖ (The man) ਜਾਂ ਪ੍ਰਾਣੀ ਦਾ ਹੈ। ਉਸ ਦੀ ਬਲਹੀਣਤਾ, ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿੱਚ, ਕੇਵਲ ਇੱਕ ਮਾਨਸਿਕ ਸਮੱਸਿਆ ਹੈ ਜੋ ਉਸ ਦੇ ਪ੍ਰਕ੍ਰਿਤੀ ਨਾਲੋਂ ਜਾਂ ਆਪਣੇ ਮੂਲ ਆਪੇ ਨਾਲੋਂ ਨਿਖੜ ਜਾਣ ਸਦਕਾ ਪੈਦਾ ਹੋਈ ਹੈ। ਉਸ ਦਾ ਸੰਕਟ ਧਾਰਮਿਕ ਵਿਜੋਗ (Religious alienation) ਦਾ ਸੰਕਟ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਗੁਰੂ ਸਾਹਿਬ ਆਪਣੇ ਸਮੇਂ ਦੀ ਸਮਾਜਕ ਹਾਲਤ ਤੋਂ ਬੇਮੁਖ ਸਨ ਅਤੇ ਉਸ ਵੇਲੇ ਦੇ ਕਿਸੇ ਵਰਗ ਦਾ ਚਿਤ੍ਰ ਉਨ੍ਹਾਂ ਦੀ ਬਾਣੀ ਵਿੱਚੋਂ ਮਿਲਦਾ ਹੀ ਨਹੀਂ। ਮਿਲਦਾ ਹੈ, ਪਰ ਇਹ ਚਿਤ੍ਰ ਉਸ ਵੇਲੇ ਦੇ ਉਨ੍ਹਾਂ ਕਰਮਚਾਰੀਆਂ, ਪੁਜਾਰੀਆਂ, ਪ੍ਰਚਾਰਕਾਂ, ਗਿਆਨੀਆਂ ਤੇ ਬੁੱਧੀ-ਜੀਵੀਆਂ ਦਾ ਹੈ ਜਿਹੜੇ ਇੱਕ ਪਾਸੇ ਤਾਂ ਆਪਣੇ ਪੰਡਤਾਊਪੁਣੇ ਦੇ ਹੰਕਾਰ ਵਿੱਚ ਆਮ ਲੋਕਾਂ ਨਾਲੋਂ ਨਿਖੜ ਗਏ ਸਨ ਤੇ ਦੂਜੇ ਪਾਸੇ ਮੁਗਲ ਸਾਮਰਾਜ ਦੇ ਬਸਤੀਵਾਦੀ ਦਾਬੇ ਅਤੇ ਮਜ਼੍ਹਬੀ ਕੱਟੜਤਾ ਦਾ ਸ਼ਿਕਾਰ ਹੋ ਕੇ ਜਾਂ ਤਾਂ ਰਾਜ-ਸੱਤਾ ਨਾਲੋਂ ਬਿਲਕੁਲ ਟੁੱਟ ਗਏ ਸਨ ਤੇ ਜਾਂ ਫਿਰ ਝੋਲੀਚੁੱਕ ਬਣ ਗਏ ਸਨ। ਭਾਰਤੀ ਬ੍ਰਾਹਮਣ (ਅਖੌਤੀ ਬੁੱਧੀ ਜੀਵੀ) ਸ਼ਾਇਦ ਸੰਪਤੀ ਰਹਿਤ ਹੋਣ ਕਰ ਕੇ ਉਂਜ ਤਾਂ ਹਮੇਸ਼ਾਂ ਹੀ ਚੁਸਤੀ-ਚਾਲਾਕੀ ਤੋਂ ਕੰਮ ਲੈਂਦਾ ਰਿਹਾ ਹੈ, ਪਰ ਗੁਰੂ ਸਾਹਿਬ ਦੇ ਵੇਲੇ ਤਾਂ ਇਸ ਗਰੀਬ ਦੀ ਹਾਲਤ ਬਹੁਤ ਹੀ ਤਰਸਯੋਗ ਸੀ।

੧. *ਲੋਭ ਗ੍ਰਸਿਓ ਦਸਹੂ ਦਿਸ ਧਾਵਤ*
*ਆਸਾ ਲਾਗਿਓ ਧਨ ਕੀ।*

★ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਸੁਖ ਕੈ ਹੇਤ ਬਹੁਤੁ ਦੁਖੁ ਪਾਵਤ
ਸੇਵ ਕਰਤ ਜਨ ਜਨ ਕੀ।
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹ ਸੁਧ ਰਾਮ ਭਜਨ ਕੀ।
ਮਾਨਸ ਜਨਮ ਅਕਾਰਥ ਖੋਵਤ
ਲਾਜ ਨ ਲੋਕ ਹਸਨ ਕੀ।

(ਰਾਗ ਆਸਾ)

੨. ਕਰਿ ਪਰਪੰਚੁ ਜਗਤ ਕਉ ਡਹਕੈ
ਅਪਨੋ ਉਦਰੁ ਭਰੈ।
ਸੁਆਨ ਪੂਛ ਜਿਉ ਹੋਇ ਨ ਸੂਧੋ
ਕਹਿਓ ਨ ਕਾਨ ਧਰੈ।

(ਰਾਗ ਦੇਵਗੰਧਾਰੀ)

੩. ਸਾਚ ਛਾਡਿ ਕੈ ਝੂਠਹ ਲਾਗਿਓ
ਜਨਮੁ ਅਕਾਰਥ ਖੋਇਓ।
ਕਰਿ ਪਰਪੰਚੁ ਉਦਰ ਨਿਜ ਪੋਖਿਓ
ਪਸੁ ਕੀ ਨਿਆਈ ਸੋਇਓ।

(ਰਾਗ ਬਿਹਾਗੜਾ)

੪. ਜਾਨਿ ਬੂਝਿ ਕੈ ਬਾਵਰੇ
ਤੈ ਕਾਜੁ ਬਿਗਾਰਿਓ।
ਪਾਪ ਕਰਤ ਸੁਕਚਿਓ ਨਹੀ
ਨਹ ਗਰਬੁ ਨਿਵਾਰਿਓ।

(ਰਾਗ ਤਿਲੰਗ)

ਇਨ੍ਹਾਂ ਸਤਰਾਂ ਦਾ ਪਾਠ ਕਰਦੇ ਸਮੇਂ ਮੈਂ ਆਪਣੇ ਆਪ ਨੂੰ ਪੁੱਛਦਾ ਰਿਹਾ ਹਾਂ "ਇਹ ਕੌਣ ਹੈ ਜੋ ਧਨ ਦੇ ਲਾਲਚ ਵਿੱਚ, ਸੁਖੀ ਹੋਣ ਦੀ ਲਾਲਸਾ ਵਿੱਚ, ਕੁੱਤੇ ਵਾਂਗ ਦਰ ਦਰ ਭਟਕਦਾ, ਹਰ ਕਿਸੇ ਦੇ ਪੈਰ ਚੱਟਦਾ, ਪੂਛ ਹਿਲਾਉਂਦਾ, ਦੁਖੀ ਹੁੰਦਾ ਤੇ ਜੱਗ-ਹਸਾਈ ਦਾ ਕੇਂਦਰ ਬਣਿਆ ਆਪਦੇ ਮਨੁੱਖੀ ਜਨਮ ਨੂੰ ਬੇਅਰਥ ਗੁਆ ਰਿਹਾ ਹੈ? ਇਹ ਕੌਣ ਹੈ ਜੋ ਚੁਸਤੀਆਂ ਚਾਲਾਕੀਆਂ ਨਾਲ ਸਿੱਧੇ ਸਾਦੇ ਲੋਕਾਂ ਨੂੰ ਠਗ ਕੇ ਆਪਣਾ ਪੇਟ ਪਾਲਦਾ ਹੈ ਤੇ ਅੰਦਰੋਂ ਕੁੱਤੇ ਦੀ ਪੂਛ ਵਾਂਗ ਵਿੰਗਾ ਹੈ ਤੇ ਜਿਸ ਉੱਤੇ ਕੋਈ ਸਿੱਖਿਆ ਅਸਰ ਨਹੀਂ ਕਰਦੀ? ਇਹ ਕੌਣ ਹੈ ਜੋ ਝੂਠ ਨੂੰ ਸੱਚ ਬਣਾ ਬਣਾ ਕੇ ਆਪਣਾ ਪੇਟ ਭਰਦਾ ਹੈ ਤੇ ਪਸ਼ੂ ਵਾਂਗ ਸੁੱਤਾ ਰਹਿੰਦਾ ਹੈ? ਇਹ ਕੌਣ ਹੈ ਜੋ ਜਾਣ ਬੁਝ ਕੇ ਆਪਣਾ ਕੰਮ ਵਿਗਾੜਦਾ ਹੈ, ਪਾਪ ਕਰਨ ਲਗਿਆਂ ਸੰਕੋਚ ਨਹੀਂ ਕਰਦਾ ਤੇ ਹੰਕਾਰ ਵਿੱਚ ਰਹਿੰਦਾ ਹੈ।"

ਅੱਜ ਵੀ ਮੈਨੂੰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਆਪਣੇ ਅੰਦਰੋਂ ਇਹੋ ਮਿਲਦਾ ਹੈ, "ਇਹ ਮੈਂ ਹਾਂ- ਮੈਂ ਜੋ ਇੱਕ ਪ੍ਰੋਫੈਸਰ, ਮਾਸਟਰ, ਅਧਿਆਪਕ, ਡਾਕਟਰ, ਲੈਕਚਰਰ, ਵਕੀਲ, ਅਫ਼ਸਰ ਅਰਥਾਤ ਮੱਧ ਤਬਕੇ ਦਾ ਇੱਕ ਵਿਅਕਤੀ ਹਾਂ, ਤੇ ਜਿਸ ਦਾ ਕੰਮ ਹੈ ਆਪਣੇ ਦੇਸ਼ ਦੀ ੭੫% ਅਨਪੜ੍ਹ, ਅਧਖੜ੍ਹ, ਅਗਿਆਨੀ, ਅੰਧੀ ਰਈਅਤ ਨੂੰ ਬੁਧੂ ਬਣਾਉਣਾ, ਡਰਾਉਣਾ, ਧਮਕਾਉਣਾ ਤੇ ਆਪਣੇ ਤੋਂ ਹੇਠਲੇ ਕਰਮਚਾਰੀਆਂ ਨੂੰ ਦਬਾਉਣਾ ਤੇ ਆਪ ਤੋਂ ਉਪਰਲਿਆਂ ਤੋਂ ਦਬ ਕੇ ਰਹਿਣਾ। ਇਸ ਨਾਲ ਆਮ ਜਨਤਾ ਦਾ ਤਾਂ ਜੋ ਕੁਝ ਵਿਗੜਦਾ ਹੈ, ਵਿਗੜਦਾ ਹੀ ਹੈ, ਪਰ ਮੈਂ ਆਪ ਆਪਣੀ ਸ਼ਕਤੀ ਤੋਂ ਪਿੱਠ ਮੋੜ ਕੇ, ਆਪਣੇ ਮੂਲ ਆਪੇ ਤੋਂ ਟੁੱਟ ਕੇ ਇਕੱਲਤਾ ਵਿੱਚ ਗੁੰਮਿਆਂ ਹਰ ਸਮੇਂ ਡਰ, ਭੈ, ਤ੍ਰਾਸ, ਸ਼ੰਕੇ ਤੇ ਵਿਸ਼ਾਦ ਦੇ ਬੰਧਨ ਹੰਢਾਉਂਦਾ ਹਾਂ।"

ਇਸ ਤਰ੍ਹਾਂ ਇਹ ਬਾਣੀ ਉਸ ਸਮੇਂ ਦੇ ਅਖੌਤੀ ਬੁੱਧੀ-ਜੀਵੀਆਂ ਦਾ ਇੱਕ ਚਿਤ੍ਰ ਪੇਸ਼ ਕਰਦੀ ਹੈ ਤੇ ਅੱਜ ਦੇ ਯੁੱਗ ਵਿੱਚ ਵੀ ਇਹ ਚਿਤ੍ਰ ਇਸ ਦੀ ਸਮਾਜਿਕ ਸਾਰਥਿਕਤਾ (ਇਸ ਬਾਣੀ ਦੀ ਅਧਿਆਤਮਕ ਸਾਰਥਿਕਤਾ ਦੀ ਗੱਲ ਕਰਨੀ ਮੇਰੇ ਵਸ ਤੋਂ ਬਾਹਰ ਹੈ) ਦਾ ਜ਼ਿੰਮੇਵਾਰ ਹੈ। ਬੁੱਧੀ-ਜੀਵੀ (ਗਿਆਨੀ) ਨਾਲ ਮੈਂ 'ਅਖੌਤੀ' ਵਿਸ਼ੇਸ਼ਣ ਦੀ ਵਰਤੋਂ ਕਰ ਰਿਹਾ ਹਾਂ ਕਿਉਂਕਿ ਗੁਰੂ ਸਾਹਿਬ ਨੇ ਕੇਵਲ ਅਖੌਤੀ ਗਿਆਨੀਆਂ ਦਾ ਚਿਤ੍ਰ ਹੀ ਪੇਸ਼ ਨਹੀਂ ਕੀਤਾ, ਸਗੋਂ ਅਸਲ ਗਿਆਨੀ ਦੀ ਪਰਿਭਾਸ਼ਾ ਵੀ ਆਪ ਹੀ ਨਿਸਚਿਤ ਕਰ ਦਿੱਤੀ ਹੈ:

ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨੁ ਰੇ ਮਨਾ
ਗਿਆਨੀ ਤਾਹਿ ਬਖਾਨਿ।

(ਸਲੋਕ ਮਹਲਾ ੯)

(ਗਿਆਨੀ ਉਹ ਹੈ ਜੋ ਨਾ ਕਿਸੇ ਨੂੰ ਡਰਾਉਂਦਾ ਹੈ ਤੇ ਨਾ ਕਿਸੇ ਤੋਂ ਡਰਦਾ ਹੈ, ਅਰਥਾਤ ਜੋ ਨਾ ਹੇਠਲਿਆਂ ਨੂੰ ਡਰਾਉਂਦਾ ਹੈ ਤੇ ਨਾ ਉਪਰਲਿਆਂ ਤੋਂ ਡਰਦਾ ਹੈ।)

ਉਪਰੋਕਤ ਚਰਚਾ ਦੇ ਪ੍ਰਸੰਗ ਵਿੱਚ ਇਸ ਸਲੋਕ ਦਾ ਭਾਵ-ਅਰਥ ਇਹ ਲਿਆ ਜਾ ਸਕਦਾ ਹੈ ਕਿ ਮੱਧ ਤਬਕਿਆਂ ਦੇ ਵਿਅਕਤੀ ਜੇ ਆਮ ਲੋਕ-ਸਮੂਹ ਨਾਲ ਜੁੜ ਜਾਣ ਤਾਂ ਉਨ੍ਹਾਂ ਦੀ ਇੱਕਲਤਾ (alienation) ਖਤਮ ਹੋ ਜਾਵੇਗੀ ਅਤੇ ਉਹ ਨਿਰਭੈ ਤੇ ਬਲਵਾਨ ਹੋ

ਜਾਣਗੇ। ਪਰ ਸਵਾਲ ਇਹ ਹੈ ਕਿ ਜੇ ਉਹ ਉਪਰਲੀ ਸ਼੍ਰੇਣੀ ਜਾਂ ਹਾਕਮਵਰਗ ਨਾਲ ਜਾ ਜੁੜਨ ਕੀ ਫੇਰ ਵੀ ਉਨ੍ਹਾਂ ਦੀ ਇਕੱਲਤਾ, ਭੈ, ਤ੍ਰਾਸ ਤੇ ਨਿਰਬਲਤਾ ਮਿਟ ਸਕਦੀ ਹੈ? ਹਾਂ, ਮਿਟ ਸਕਦੀ ਹੈ, ਪਰ ਨਹੀਂ ਵੀ ਮਿਟ ਸਕਦੀ ਕਿਉਂਕਿ ਇੱਕ ਤਾਂ ਉਨ੍ਹਾਂ ਦੀ ਆਰਥਿਕ ਤੇ ਰਾਜਨੀਤਕ ਸਥਿਤੀ ਅਜਿਹੀ ਹੈ ਕਿ ਉਹ ਉਪਰਲੇ ਵਰਗ ਦੇ ਬਰਾਬਰ ਨਹੀਂ ਹੋ ਸਕਦੇ, ਉਸ ਵਰਗ ਦੇ ਨੇੜੇ ਹੋ ਕੇ ਵੀ ਉਹ ਉਸਦੇ ਝੋਲੀ-ਚੁੱਕ ਹੀ ਰਹਿਣਗੇ, ਅਸਲੀਅਤ ਵਿੱਚ ਨੇੜੇ ਨਹੀਂ ਹੋਣਗੇ। ਦੂਜੇ, ਉਪਰਲੇ ਵਰਗ (ਉਸ ਸਮੇਂ ਜਗੀਰਦਾਰ ਅਤੇ ਹਾਕਮ ਵਰਗ ਅੱਜ ਦੇ ਸਮੇਂ ਸਰਮਾਇਦਾਰ ਤੇ ਹਾਕਮ ਵਰਗ) ਨਾਲ ਜੁੜ ਕੇ ਉਹ "ਭੈ ਕਾਹੂ ਕੋ ਦੇਤ ਨਹਿ" ਵਾਲੀ ਸ਼ਰਤ ਪੂਰੀ ਨਹੀਂ ਕਰ ਸਕਣਗੇ, ਹੇਠਲਿਆਂ ਨੂੰ ਸਗੋਂ ਹੋਰ ਡਰਾਉਣਗੇ।

ਇੱਕ ਦੋਸਤ ਕਹਿੰਦਾ ਹੈ ਕਿ ਇਹ ਤਾਂ ਠੀਕ ਹੈ ਕਿ ਮੱਧ ਤਬਕੇ ਦਾ ਕੋਈ ਵਿਅਕਤੀ ਧਨ ਦਾ ਲਾਲਚ ਤਿਆਗ ਕੇ ਤੇ ਹੇਠਲੇ ਵਰਗ (ਮਜ਼ਦੂਰ ਆਦਿ) ਦੇ ਬਰਾਬਰ ਹੋ ਕੇ, ਸਮੂਹ ਵਿੱਚ ਰਲ ਕੇ ਵਧੇਰੇ ਸ਼ਕਤੀਸਾਲੀ ਤੇ ਨਿਰਭੈ ਹੋ ਜਾਵੇਗਾ, ਪਰ ਫੇਰ ਉਹ ਉਪਰਲੇ ਵਰਗ ਨੂੰ ਡਰਾਉਣ ਲਗ ਜਾਵੇਗਾ, ਉਸ ਦੀ ਗੱਲ ਦਾ ਮੋੜ ਦੇਣ ਲਈ ਜਦੋਂ ਮੈਂ ਮੁੜ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਇਕਾਗਰ ਅਧਿਐਨ ਦੀ ਓਟ ਲੈਂਦਾ, ਹਾਂ ਤਾਂ ਮੈਨੂੰ ਜਾਪਦਾ ਹੈ ਕਿ ਗੁਰੂ ਸਾਹਿਬ ਦੀ ਬਾਣੀ ਵਿਚਲੇ 'ਭੈ' ਤੇ 'ਗਿਆਨ' ਅਤੇ 'ਬੰਧਨ' ਤੇ 'ਬਲ' ਦੇ ਸੰਕਲਪਾਂ ਨੂੰ ਸਮਝਣ ਲਈ ਸਮਾਜ-ਵਿਗਿਆਨ ਵਿਧੀਆਂ ਨਾਲੋਂ ਮਨੋਵਿਗਿਆਨ ਵਿਧੀਆਂ ਸ਼ਾਇਦ ਵਧੇਰੇ ਸਹਾਇਕ ਹੋ ਸਕਦੀਆਂ ਹਨ। ਇਸ ਗੱਲੋਂ ਮੈਂ ਚੇਤੰਨ ਹਾਂ ਕਿ ਮਨੋਵਿਗਿਆਨ ਨੂੰ ਵੀ ਸਮਾਜ-ਵਿਗਿਆਨ ਤੋਂ ਅਲਹਿਦਾ ਕਰਕੇ ਲਾਗੂ ਨਹੀਂ ਕੀਤਾ ਜਾ ਸਕਦਾ। ਮਨੋ ਵਿਗਿਆਨੀਆਂ (ਫਰਾਇਡ ਆਦਿ) ਤੇ ਮਨੋਵਿਗਿਆਨੀ ਸਾਹਿਤਾਲੋਚਕਾਂ (ਅਰਸਤੂ, ਆਈ. ਏ. ਰਿਚਰਡਜ਼ ਆਦਿ) ਨੇ 'ਭੈ' ਨੂੰ ਕੁੰਠਾ (supression) ਤੇ 'ਬਲ' ਨੂੰ ਮਨੋਬਲ ਜਾਂ ਮਨੋਬ੍ਰਿਤੀਆਂ ਦੇ ਸੰਤੁਲਨ ਦਾ ਨਾਂ ਦਿੱਤਾ ਹੈ ਤਾਂ ਸਮਾਜ ਵਿਗਿਆਨੀਆਂ ਨੇ ਵੀ 'ਬਲ' ਨੂੰ ਮਨੋਰਥ ਜਾਂ ਮਨੋਬਿਤ੍ਰੀਆਂ ਦੇ ਸੰਤੁਲਨ ਦਾ ਨਾਂ ਦਿੱਤਾ ਹੈ ਤਾਂ ਸਮਾਜ ਵਿਗਿਆਨੀਆਂ ਨੇ ਵੀ 'ਬਲ' (power) ਨੂੰ ਇੱਕ ਬੁਨਿਆਦੀ ਸੰਕਲਪ ਵਜੋਂ ਸਮਝਿਆ-ਵਿਚਾਰਿਆ ਹੈ ਤੇ ਬ੍ਰਟਰੈਂਡ ਰਸਲ ਦੇ ਸ਼ਬਦਾਂ ਵਿੱਚ 'ਬਲ' ਦੇ ਸੰਕਲਪ ਦਾ ਸਮਾਜ ਵਿਗਿਆਨ ਵਿੱਚ ਉਹੀ ਅਰਥ ਹੈ ਜੋ ਭੌਤਿਕਵਿਗਿਆਨ ਵਿੱਚ ਊਰਜਾ (energy) ਜਾਂ ਸ਼ਕਤੀ ਦਾ। ਊਰਜਾ ਵਾਂਗ ਹੀ ਬਲ ਦੇ ਵੀ ਕਈ ਰੂਪ ਹੋ ਸਕਦੇ ਹਨ। ਜਿਵੇਂ ਦੌਲਤ, ਹਥਿਆਰ, ਰਾਜ਼ਸੱਤਾ ਤੇ ਪ੍ਰਾਪੇਗੰਡਾ।

(*Russel, Bertrand, Power, London, Seventh Impression, 1957, PP 10,11*

"...the fundamental concept in social science is Power, in the same sense in which Energy is the fundamental concept in Physics. Like energy power has many forms, such as wealth, armaments, civil authority, influence on opinion.")

ਪਰ ਗੁਰੂ ਸਾਹਿਬ ਦਾ 'ਬਲ' ਦਾ ਸੰਕਲਪ ਨਾ ਦੌਲਤ (ਸੰਪਤੀਬਲ) ਦਾ ਹੈ, ਨਾ ਹਥਿਆਰਾਂ ਤੇ ਰਾਜਸੱਤਾ (ਬਾਹੂ ਬਲ) ਦਾ ਤੇ ਨਾ ਹੀ ਪ੍ਰਾਪੇਗੰਡੇ (ਬੁੱਧ ਬੱਲ) ਦਾ। ਉਨ੍ਹਾਂ ਦਾ ਸੰਕਲਪ ਅਜਿਹੇ ਆਤਮਬਲ (ਮਨੋਬਲ) ਦਾ ਹੈ ਜੋ ਤਪ ਤੇ ਤਿਆਗ ਵਿੱਚੋਂ ਉਤਪੰਨ ਹੁੰਦਾ ਹੈ। ਇਸ ਦਾ ਪ੍ਰਮਾਣ ਇਹ ਹੈ ਕਿ ਉਨ੍ਹਾਂ ਦੀ ਬਾਣੀ ਵਿੱਚ 'ਸੰਪਤੀ-ਬਲ', 'ਬਾਹੂ ਬਲ' ਤੇ ਮਨੋਬਲ-ਰਹਿਤ 'ਬੁੱਧ ਬਲ' (ਨਿਰੇ ਗਿਆਨ ਜਾਂ ਅਖੌਤੀ ਗਿਆਨ) ਦਾ ਭਰਪੂਰ ਖੰਡਨ ਹੋਇਆ ਹੈ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਇਹ ਤਿੰਨੇ ਕਿਸਮ ਦਾ ਬਲ ਅਸਲ ਵਿੱਚ ਮਨੁੱਖ ਦੀ ਸ਼ਕਤੀ ਨਹੀਂ, ਸਗੋਂ ਉਸ ਦਾ ਬੰਧਨ ਹੈ। ਸ਼ਕਤੀ ਉਹ ਹੈ ਜੋ ਬੰਦੇ ਨੂੰ ਬੰਧਨ-ਮੁਕਤ ਕਰੇ, ਪਰ ਮਾਇਆ ਦਾ ਮੋਹ, ਬਾਹਾਂ ਦਾ ਗਰਬ ਤੇ ਬੁੱਧੀ ਦਾ ਹੰਕਾਰ ਤਾਂ ਆਪ ਅਜਿਹੇ ਬੰਧਨ ਹਨ ਜਿਨ੍ਹਾਂ ਦੀ ਸ਼ਕਤੀ ਦੇ ਭਰਮ ਵਿੱਚ ਮਨੁੱਖ ਸਗੋਂ ਇਨ੍ਹਾਂ ਦਾ ਗੁਲਾਮ ਹੋ ਗਿਆ ਹੈ।

ਸੰਪਤੀ-ਬਲ ਦੇ ਦਾਸਾਂ ਲਈ ਗੁਰੂ ਸਾਹਿਬ ਦਾ ਉਪਦੇਸ਼ ਹੈ:

*੧. ਨਿਸਿ ਦਿਨੁ ਮਾਇਆ ਕਾਰਨੇ*
*ਪ੍ਰਾਨੀ ਡੋਲਤ ਨੀਤ।*
*ਕੋਟਨ ਮਹਿ ਨਾਨਕ ਕੋਊ*
*ਨਾਰਾਇਣ ਜਿਹ ਚੀਤਿ।*

*੨. ਪ੍ਰਾਨੀ ਕਛੂ ਨ ਚੇਤਈ*
*ਮਦਿ ਮਾਇਆ ਕੈ ਅੰਧ।*
*ਕਹੁ ਨਾਨਕ ਬਿਨੁ ਹਰਿ ਭਜਨ*
*ਪਰਤ ਤਾਹਿ ਜਮ ਫੰਧ।*

*੩. ਮਾਇਆ ਕਾਰਨਿ ਧਾਵਹੀ*

ਮੂਰਖ ਲੋਗ ਅਜਾਨ।
ਕਹੁ ਨਾਨਕ ਬਿਨੁ ਹਰਿ ਭਜਨਿ
ਬਿਰਥਾ ਜਨਮੁ ਸਿਰਾਨ।

੪. ਮਨੁ ਮਾਇਆ ਮਹਿ ਫਧਿ ਰਹਿਓ
ਬਿਸਰਿਓ ਗੋਬਿੰਦ ਨਾਮ
ਕਹੁ ਨਾਨਕ ਬਿਨ ਹਰਿ ਭਜਨ
ਜੀਵਨ ਕਉਨੇ ਕਾਮ।

੫. ਮਨੁ ਮਾਇਆ ਮੈ ਰਮਿ ਰਹਿਓ
ਨਿਕਸਤ ਨਾਹਿਨ ਮੀਤ।
ਨਾਨਕ ਮੂਰਤਿ ਚਿਤ੍ਰ ਜਿਉ
ਛਾਡਤਿ ਨਾਹਿਨ ਭੀਤਿ।

(ਸਲੋਕ ਮਹਲਾ ੯)

੬. ਜੋ ਜੋ ਕਰਮ ਕੀਓ ਲਾਲਚ ਲਗਿ
ਤਿਹ ਤਿਹ ਆਪੁ ਬੰਧਾਇਓ॥

(ਜੈਤਸਰੀ)

ਆਪਣੇ ਬਾਹੂ ਬਲ ਤੇ ਸਾਕਾਂ ਸਬੰਧੀਆਂ ਦੀ ਸਰੀਰਕ ਸ਼ਕਤੀ ਦਾ ਗਰਬ ਕਰਨ ਵਾਲਿਆਂ ਨੂੰ ਸਮਝਾਉਂਦਿਆਂ ਕਿਹਾ ਗਿਆ ਹੈ:

੧. ਗਰਬ ਕਰਤ ਹੈ ਦੇਹ ਕੋ
ਬਿਨਸੈ ਛਿਨ ਮੈ ਮੀਤ।
ਜਿਹਿ ਪ੍ਰਾਨੀ ਹਰਿ ਜਸੁ ਕਹਿਓ
ਨਾਨਕ ਤਿਹਿ ਜਗੁ ਜੀਤ।

੨. ਨਿਜ ਕਰਿ ਦੇਖਿਓ ਜਗਤ ਮੈ
ਕੋ ਕਾਹੂ ਕੋ ਨਾਹਿ।
ਨਾਨਕ ਥਿਰੁ ਹਰਿ ਭਗਤਿ ਹੈ
ਤਿਹ ਰਾਖਹੁ ਮਨਿ ਮਾਹਿ।

੩. ਰਾਮੁ ਗਇਓ ਰਾਵਨੁ ਗਇਓ
ਜਾ ਕਉ ਬਹੁ ਪਰਿਵਾਰੁ।
ਕਹੁ ਨਾਨਕ ਥਿਰੁ ਕਛੁ ਨਹੀਂ
ਸੁਪਨੇ ਜਿਉ ਸੰਸਾਰੁ।

੪. ਸੰਗ ਸਖਾ ਸਭਿ ਤਜਿ ਗਏ
ਕੋਊ ਨ ਨਿਬਹਿਓ ਸਾਥਿ।
ਕਹੁ ਨਾਨਕ ਇਹ ਬਿਪਤਿ ਮੈ
ਟੇਕ ਏਕ ਰਘੁਨਾਥ।

(ਸਲੋਕ ਮਹਲਾ ੯)

੫. ਜਗਤ ਮੈ ਝੂਠੀ ਦੇਖੀ ਪ੍ਰੀਤਿ।
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ।
ਮੇਰਉ ਮੇਰਉ ਸਭੈ ਕਹਤ ਹੈ
ਹਿਤ ਸਿਉ ਬਾਧਿਓ ਚੀਤ।

(ਰਾਗ ਦੇਵਗੰਧਾਰੀ)

ਬੁੱਧ-ਬਲ ਨਾਲ ਠੱਗੀਆਂ-ਠੋਰੀਆਂ ਕਰਨ ਵਾਲੇ ਨੂੰ ਤਾਂ ਗੁਰੂ ਸਾਹਿਬ ਜਿਵੇਂ ਕਹਿ ਰਹੇ ਹੋਣ - ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।

੧. ਜਤਨ ਬਹੁਤੁ ਮੈ ਕਰਿ ਰਹਿਓ
ਮਿਟਿਓ ਨ ਮਨ ਕੋ ਮਾਨੁ।
ਦੁਰਮਤਿ ਸਿਉ ਨਾਨਕ ਫਧਿਓ
ਰਾਖਿ ਲੇਹੁ ਭਗਵਾਨ।

੨. ਨਰ ਚਾਹਤ ਕਛੁ ਅਉਰ
ਅਉਰੈ ਕੀ ਅਉਰੈ ਭਈ।
ਚਿਤਵਤ ਰਹਿਓ ਠਗਉਰ
ਨਾਨਕ ਫਾਸੀ ਗਲਿ ਪਰੀ।

(ਸਲੋਕ ਮਹਲਾ ੯)

ਉਪਰ ਦਿੱਤੇ ਹਵਾਲਿਆਂ ਦੇ ਜਿੱਥੇ ਨਿਰੋਲ ਸਮਾਜ-ਵਿਗਿਆਨਕ ਪਹੁੰਚ ਵਾਲੇ ਚਿੰਤਕ ਇਹ ਅਰਥ ਕਰਨਗੇ ਕਿ ਗੁਰੂ ਸਾਹਿਬ ਦੀ ਬਾਣੀ ਵਿੱਚ 'ਦੌਲਤ', 'ਸਰੀਰਕ ਬਲ' ਤੇ 'ਖੋਟੀ ਮੱਤ' ਦਾ ਖੰਡਨ ਟੇਢੇ ਢੰਗ ਨਾਲ ਦੌਲਤਮੰਦ ਤੇ ਹਾਕਮ ਸ਼੍ਰੇਣੀ ਦਾ ਹੀ ਖੰਡਨ ਹੈ ਉੱਥੇ ਨਿਰੋਲ ਅਧਿਆਤਮਕ (ਧਾਰਮਿਕ, ਰਹੱਸਵਾਦੀ) ਵਿਚਾਰਧਾਰਾਵਾਂ ਨੂੰ ਅਪਣਾਉਣ ਵਾਲੇ ਵਿਦਵਾਨ ਇਹ ਕਹਿਣਗੇ ਕਿ ਗੁਰੂ ਸਾਹਿਬ ਨੇ ਸੰਸਾਰ ਨੂੰ ਸੁਪਨਾ, ਜਗਤ ਨੂੰ ਮਾਇਆ, ਸਰੀਰ ਨੂੰ ਛਿਣਭੰਗਰ, ਦੌਲਤ ਨੂੰ ਪਰਾਈ ਵਸਤ (ਇਨ ਮੈ ਕਛੁ ਤੇਰੋ ਨਹੀ) ਤੇ 'ਥਿਰ ਕਿਛ ਨਹੀ' ਕਹਿ ਕੇ ਮਨੁੱਖ ਨੂੰ ਮੌਤ ਯਾਦ ਕਰਵਾਈ ਹੈ ਤੇ ਜਮਾਂ ਦਾ ਡਰ ਦੇ ਕੇ ਉਸ ਨੂੰ ਨੇਕੀ ਤੇ ਰੱਬ ਦੀ ਬੰਦਗੀ ਲਈ ਪ੍ਰੇਰਿਆ ਹੈ। ਪਰ ਇਹ ਦੋਵੇਂ ਮੱਤ ਆਪੋ ਆਪਣੀ ਥਾਂ ਠੀਕ ਹੁੰਦੇ ਹੋਏ ਵੀ, ਗਲਤ ਹਨ ਕਿਉਂਕਿ ਦੋਹਾਂ ਤਰ੍ਹਾਂ ਦੇ ਵਿਚਾਰਕਾਂ ਨੇ ਗੁਰੂ ਸਾਹਿਬ ਦੇ ਉਪਦੇਸ਼ ਦੀ ਸਮੁੱਚਤਾ ਨੂੰ ਅਣਡਿੱਠ ਕਰ ਦਿੱਤਾ ਹੈ। ਮੈਂ ਇਸ ਸਮੁੱਚਤਾ ਨੂੰ ਪਕੜਨ ਦਾ ਦਾਅਵਾ ਨਹੀਂ ਕਰਦਾ, ਪਰ ਇਸ ਨੂੰ ਪਛਾਣਨ ਦਾ ਉਪਰਾਲਾ ਜ਼ਰੂਰ ਕਰ ਰਿਹਾ ਹਾਂ ਅਤੇ ਜਿਵੇਂ ਇਸ ਲੇਖ ਦੇ ਆਰੰਭ ਵਿੱਚ ਹੀ ਸਮਾਜਵਿਗਿਆਨਕ ਪਹੁੰਚ ਨਾਲ ਆਪਣੀ ਅਸੰਮਤੀ

ਪ੍ਰਗਟ ਕਰ ਆਇਆ ਹਾਂ ਉਸ ਤਰ੍ਹਾਂ 'ਜਮਾਂ ਦੇ ਡਰ' ਦਾ ਸਿਧਾਂਤ ਲਾਗੂ ਕਰਨ ਵਾਲੇ ਬਜ਼ੁਰਗਾਂ ਨੂੰ ਵੀ ਮੇਰੀ ਬੇਨਤੀ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚੋਂ ਬੋਲਦੇ ਉਪਦੇਸ਼ਕ ਦੇ ਸਾਹਮਣੇ ਪ੍ਰਮੁੱਖ ਸਮੱਸਿਆ ਹੈ: ਮਨੁੱਖ ਦਾ ਬੰਧਨ, ਭੈ, ਡਰ ਜਾਂ ਤ੍ਰਾਸ ਅਤੇ ਇਸ ਤ੍ਰਾਸ ਵਿੱਚ 'ਜਮ ਦਾ ਤ੍ਰਾਸ' ਵੀ ਸ਼ਾਮਲ ਹੈ:

*ਪ੍ਰਾਨੀ ਕਉਨੁ ਉਪਾਉ ਕਰੈ*
*ਜਾ ਤੇ ਭਗਤਿ ਰਾਮ ਕੀ ਪਾਵੈ*
*ਜਮ ਕੋ ਤ੍ਰਾਸੁ ਹਰੈ।*

(ਰਾਗ ਸੋਰਠਿ)

*ਮਹਾ ਪਤਿਤ ਮੁਗਧ ਲੋਭੀ ਫੁਨਿ*
*ਕਰਤ ਪਾਪ ਅਬ ਹਾਰਾ।*
*ਭੈ ਮਰਬੇ ਕੋ ਬਿਸਰਤ ਨਾਹਨਿ*
*ਤਿਹ ਚਿੰਤਾ ਤਨੁ ਜਾਰਾ।*

(ਰਾਗ ਜੈਤਸਰੀ)

*ਜਨਮ ਜਨਮ ਭਰਮਤ ਫਿਰਿਓ*
*ਮਿਟਿਓ ਨ ਜਮ ਕੋ ਤ੍ਰਾਸੁ।*
*ਕਹੁ ਨਾਨਕ ਹਰਿ ਭਜੁ ਮਨਾ*
*ਨਿਰਭੈ ਪਾਵਹਿ ਬਾਸੁ।*

(ਸਲੋਕ ਮਹਲਾ ੯)

(ਸਮਾਜਵਿਗਿਆਨੀ ਚਿੰਤਕ ਵੀ ਨੋਟ ਕਰਨ ਕਿ ਇਹ ਜਮਾਂ ਦਾ ਤ੍ਰਾਸ ਕੇਵਲ ਉਪਰਲੀ ਜਾਂ ਹੇਠਲੀ ਸ਼੍ਰੇਣੀ ਦਾ ਤ੍ਰਾਸ ਨਹੀਂ। ਅਰਥਾਤ ਇਹ ਕੇਵਲ ਸੰਸਕ੍ਰਿਤੀ-ਮੂਲਕ ਵਿਅਕਤੀ (individual) ਦੀ ਸਮੱਸਿਆ ਨਹੀਂ, ਸਗੋਂ ਪ੍ਰਕਿਰਤੀ-ਮੂਲਕ ਪ੍ਰਾਨੀ (being) ਦੀ ਸਮੱਸਿਆ ਵੀ ਹੈ। ਇਹ ਆਪਣੀ ਸਰੀਰਕ ਹੋਂਦ (existence) ਦੇ ਬਿਨਸ ਜਾਣ ਦਾ ਭੈ ਹੈ।

ਸਾਫ ਹੈ ਕਿ ਗੁਰੂ ਸਾਹਿਬ ਦੀ ਬਾਣੀ ਦਾ ਮਨੋਰਥ ਪਹਿਲੋਂ ਹੀ ਮੌਤ ਦੇ ਭੈ ਵਿੱਚ ਗ੍ਰਸੇ ਮਾਨਵ ਨੂੰ ਮੌਤ ਦਾ ਡਰ ਦੇ ਕੇ ਹੋਰ ਭੈਭੀਤ ਕਰਨਾ ਨਹੀਂ, ਸਗੋਂ ਉਸ ਨੂੰ ਰਾਮ ਦੀ ਭਗਤੀ ਜਾਂ ਹਰੀ ਦੇ ਭਜਨ ਦੁਆਰਾ ਬਲ ਪ੍ਰਾਪਤ ਕਰਨ ਦਾ ਉਪਦੇਸ਼ ਦੇ ਕੇ ਮੌਤ ਦੇ ਭੈ ਤੋਂ ਵੀ ਮੁਕਤ ਕਰਨਾ ਹੈ। ਪਰ ਉਨ੍ਹਾਂ ਲਈ ਇਹ ਸਮੱਸਿਆ ਵੀ ਨਿਰੋਲ ਅਧਿਆਤਮਕ (Spiritual) ਨਹੀਂ, ਸਗੋਂ ਸਰੀਰਕ (Physical) ਜਾਂ ਮਾਨਸਿਕ ਹੈ (ਸਰੀਰਕ ਅਤੇ ਮਾਨਸਿਕ ਦੇ ਵਿਚਾਲੇ 'ਜਾਂ' ਦੀ ਵਰਤੋਂ ਮੈਂ ਜਾਣ ਬੁੱਝ ਕੇ ਕੀਤੀ ਹੈ ਕਿਉਂਕਿ ਮੈਂ ਮਨ ਨੂੰ ਸਰੀਰ ਨਾਲੋਂ ਅਨਿੱਖੜ ਮੰਨਦਾ ਹਾਂ)। ਗੁਰੂ ਸਾਹਿਬ ਦੀ ਬਾਣੀ ਵਿੱਚ ਤ੍ਰਾਸ ਵਰਗੀ ਨਕਾਰਕ (negative) ਸ਼ਕਤੀ ਦਾ ਤੇ ਰਾਮ, ਬ੍ਰਹਮ ਨਿਰੰਜਨ, ਗੋਬਿੰਦ ਤੇ ਬਲ ਜਿਹੀ ਸਰੀਰਕ (Positive) ਸ਼ਕਤੀ ਦਾ ਵੀ ਨਿਵਾਸ ਸਥਾਨ ਮਨ ਨੂੰ ਹੀ ਦੱਸਿਆ ਗਿਆ ਹੈ। ਉਨ੍ਹਾਂ ਦੇ ਇੱਕੋ ਸ਼ਬਦ ਵਿੱਚ ਤ੍ਰਾਸ ਤੇ ਨਿਰੰਜਨ ਦਾ ਵਾਸ ਇੱਕੋ ਮਨ ਵਿੱਚ ਇੱਕੋ ਸਮੇਂ ਵੇਖਿਆ ਜਾ ਸਕਦਾ ਹੈ :

*ਜਮ ਕੋ ਤ੍ਰਾਸ ਭਇਓ ਉਰ ਅੰਤਰਿ*
*ਸਰਨ ਗਹੀ ਕਿਰਪਾ ਨਿਧਿ ਤੇਰੀ।*
*ਕੀਏ ਉਪਾਵ ਮੁਕਤਿ ਕੇ ਕਾਰਨਿ*
*ਦਹਿਦਿਸਿ ਕਉ ਉਠਿ ਧਾਇਆ।*
*ਘਟਿ ਹੀ ਭੀਤਰਿ ਬਸੈ ਨਿਰੰਜਨੁ*
*ਤਾ ਕੋ ਮਰਮੁ ਨ ਪਾਇਆ।*

ਗੁਰੂ ਦੀ ਬਾਣੀ ਦਾ ਸੱਚ ਅਜਿਹੇ ਵਿਰੋਧਾਂ ਦੀ ਏਕਤਾ (unity of opposites) ਤੇ ਇਨ੍ਹਾਂ ਵਿਰੋਧਾਂ ਦੇ ਦਵੰਦ ਦਾ ਸੱਚ ਹੈ। ਇਸ ਸੱਚ ਨੂੰ ਸਮਝਿਆਂ ਹੀ ਆਪੇ ਦੀ (ਆਪਣੇ ਮਨ ਦੀ) ਸੋਝੀ ਹੋ ਸਕਦੀ ਹੈ ਤੇ ਆਪੇ ਦੀ ਸੋਝੀ ਹੋਣ ਨਾਲ ਹੀ ਭਰਮ ਦੇ ਜਾਲੇ ਲਹਿ ਸਕਦੇ ਹਨ :

*ਬਾਹਰਿ ਭੀਤਰਿ ਏਕੋ ਜਾਨਹੁ*
*ਇਹ ਗੁਰ ਗਿਆਨ ਬਤਾਈ।*
*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ॥*

(ਰਾਗ ਧਨਾਸਰੀ)

ਜਿਵੇਂ ਪਹਿਲਾਂ ਹੀ ਕਿਹਾ ਜਾ ਚੁੱਕਾ ਹੈ, ਇਹ 'ਭ੍ਰਮ ਕੀ ਕਾਈ' ਗੁਰੂ ਸਾਹਿਬ ਦੇ ਸ਼ਬਦਾਂ ਵਿੱਚ ਮੋਹ, ਮਮਤਾ, ਲੋਭ ਤੇ ਹੰਕਾਰ ਦੀ ਹੈ ਤੇ ਇਨ੍ਹਾਂ ਦੀ ਸਹੀ ਪਛਾਣ ਹੀ ਆਪੇ ਦੀ ਸੋਝੀ ਹੈ। ਕਹਿੰਦੇ ਹਨ ਕਿ ਜੇ ਬੀਮਾਰੀ ਦੀ ਸਹੀ ਪਛਾਣ ਹੋ ਜਾਵੇ ਤਾਂ ਉਸ ਦੇ ਇਲਾਜ ਦਾ ਰਾਹ ਵੀ ਲੱਭ ਪੈਂਦਾ ਹੈ, ਪਰ ਇਹ ਗੱਲ ਨਿਸਚਿਤ ਹੈ ਕਿ ਇਨ੍ਹਾਂ ਜਾਲਿਆਂ ਨੂੰ ਕੱਤ ਕੇ ਜਾਂ ਲਾਹ ਕੇ ਹੀ ਮਨ ਨੂੰ ਬਲਵਾਨ ਕੀਤਾ ਜਾ ਸਕਦਾ ਹੈ, ਮਨੁੱਖ ਆਪਣੇ ਆਪ ਨਾਲ ਜੁੜ ਸਕਦਾ ਹੈ, ਭੈ ਦੇ ਸਾਗਰ ਵਿੱਚੋਂ ਤਰ ਕੇ ਪਾਰ ਹੋ ਸਕਦਾ ਹੈ ਤੇ ਦੂਜਿਆਂ ਨੂੰ ਤਰਨ ਵਿੱਚ ਸਹਾਇਤਾ ਦੇ ਸਕਦਾ ਹੈ :

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ।
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ।

'ਤਜੈ' ਤੇ 'ਤਰੈ' ਸ਼ਬਦ ਇਸ ਗੱਲ ਦੇ ਸੂਚਕ ਹਨ ਕਿ ਮਨੁੱਖ ਆਪਣੇ ਅੰਤਰ-ਦਵੰਦ ਨੂੰ ਤਜ ਕੇ ਜਾਂ ਤਰ

ਕੇ, ਆਪਣੇ ਲਘੂ ਆਪੇ ਤੋਂ ਉਪਰ ਉੱਠ ਕੇ ਜਾਂ ਤ੍ਰਾਸ ਅਤੇ ਬੰਧਨ ਬਣਨ ਵਾਲੀਆਂ ਵਸਤਾਂ ਨੂੰ ਤਿਆਗ ਕੇ ਹੀ ਨਿਰਭੈ ਤੇ ਬਲਵਾਨ ਹੋ ਸਕਦਾ ਹੈ ਤੇ ਪਹਿਲਾਂ ਆਪ ਬਲਵਾਨ ਹੋ ਕੇ ਫੇਰ ਦੂਜਿਆਂ ਦਾ ਉਧਾਰ ਕਰ ਸਕਦਾ ਹੈ। ਤਿਆਗ ਦਾ ਇੱਕੋ ਇੱਕ ਤਰੀਕਾ ਹੈ: ਮਨ ਨੂੰ ਅਡੋਲ, ਸਹਿਜ, ਸੰਤੁਲਤ, ਉਦਾਸ, ਵੈਰਾਗਮਈ ਅਵਸਥਾ ਵਿੱਚ ਰੱਖਣਾ :

*ਉਸਤਤਿ ਨਿੰਦਿਆ ਨਾਹਿ*
*ਜਿਹ ਕੰਚਨ ਲੋਹ ਸਮਾਨਿ*
*ਕਹੁ ਨਾਨਕ ਸੁਨਿ ਰੇ ਮਨਾ*
*ਮੁਕਤਿ ਤਾਹਿ ਤੈ ਜਾਨਿ।*

*ਹਰਖੁ ਸੋਗੁ ਜਾ ਕੈ ਨਹੀ*
*ਬੈਰੀ ਮੀਤ ਸਮਾਨ।*
*ਕਹੁ ਨਾਨਕ ਸੁਨੁ ਰੇ ਮਨਾ*
*ਮੁਕਤਿ ਤਾਹਿ ਤੈ ਜਾਨ।*

*ਜਿਹਿ ਮਾਇਆ ਮਮਤਾ ਤਜੀ*
*ਸਭ ਤੇ ਭਇਓ ਉਦਾਸੁ।*
*ਕਹੁ ਨਾਨਕ ਸੁਨੁ ਰੇ ਮਨਾ*
*ਤਿਹ ਘਟ ਬ੍ਰਹਮ ਨਿਵਾਸੁ।*

(ਸਲੋਕ ਮਹਲਾ ੯)

ਇਨ੍ਹਾਂ ਸਲੋਕਾਂ ਵਿੱਚੋਂ ਇੱਥੇ ਇੱਕ ਗੱਲ ਹੋਰ ਇਹ ਸਪਸ਼ਟ ਹੁੰਦੀ ਹੈ ਕਿ ਮਨ ਦੇ ਅੰਤਰਦਵੰਦ ਨੂੰ ਤਿਆਗਿਆ ਨਹੀਂ ਜਾ ਸਕਦਾ, ਨਾ ਹੀ ਕੋਈ ਪਾਰਗਾਮੀ ਇਸ ਤੋਂ ਪਾਰ ਜਾ ਸਕਦਾ ਹੈ। ਹਾਂ, ਪਾਰ ਜਾਣ ਦੀ ਇੱਛਾ ਕਰ ਸਕਦਾ ਹੈ ਤੇ ਇਸ ਇੱਛਾ ਦੀ ਪੂਰਤੀ ਕੇਵਲ ਉਸ ਹੱਦ ਤੱਕ ਉਹ ਉਨ੍ਹਾਂ ਵਿਰੋਧਾਂ ਵਿਚਕਾਰ ਇੱਕ ਸੰਤੁਲਨ ਕਾਇਮ ਕਰ ਲੈਂਦਾ ਹੈ। ਉਸਤਤਿ ਤੇ ਨਿੰਦਿਆ, ਸੋਨੇ ਤੇ ਲੋਹੇ, ਖੁਸ਼ੀ ਤੇ ਸੋਗ, ਸੁੱਖ ਤੇ ਦੁੱਖ ਦੋਹਾਂ ਨੂੰ ਤਿਆਗਣ ਦੀ ਸਿੱਖਿਆ ਦਿੰਦੇ ਹੋਏ ਵੀ ਗੁਰੂ ਸਾਹਿਬ ਇਨ੍ਹਾਂ ਨੂੰ 'ਸਮ ਕਰ ਜਾਣਨ' ਉੱਤੇ ਜ਼ੋਰ ਦਿੰਦੇ ਹਨ। ਇਨ੍ਹਾਂ ਦਾ ਸੰਤੁਲਨ ਹੀ ਵੈਰਾਗ, ਤਿਆਗ ਜਾਂ ਉਦਾਸੀ ਦੀ ਅਵਸਥਾ ਹੈ ਅਤੇ ਅਜਿਹੀ ਅਡੋਲ ਮਨੋਅਵਸਥਾ ਵਿੱਚੋਂ ਹੀ ਇਹ ਧੁਨੀ ਉਠਦੀ ਤੇ ਉੱਚੀ ਹੁੰਦੀ ਚਲੀ ਜਾਂਦੀ ਹੈ :

*ਬਲੁ ਹੋਆ ਬੰਧਨ ਛੁਟੇ*
*ਸਭੁ ਕਿਛੁ ਹੋਤਿ ਉਪਾਇ।*
*ਨਾਨਕ ਸਭੁ ਕਿਛੁ ਤੁਮਰੈ ਹਾਥ ਮਹਿ*
*ਤੁਮ ਹੀ ਹੋਤਿ ਸਹਾਇ।*

ਇਸ ਦੋਹਿਰੇ ਨੂੰ ਮੈਂ ਗੁਰੂ ਤੇਗ ਬਹਾਦਰ ਦੀ ਹੀ ਰਚਨਾ ਮੰਨਦਾ ਹਾਂ ਤੇ ਇਸ ਵਿੱਚ 'ਤੁਮਰੈ' ਤੇ 'ਤੁਮਹੀ' ਸ਼ਬਦ ਇੱਕ ਪਾਸੇ ਪ੍ਰਮਾਤਮਾ ਦੀ ਸਰਬ ਸ਼ਕਤੀਮਾਨਤਾ ਤੇ ਦੂਜੇ ਪਾਸੇ ਮਨੁੱਖੀ ਮਨ ਦੀ ਦ੍ਰਿੜਤਾ, ਅਰੋਗਤਾ ਤੇ ਬਹਾਦਰੀ ਵਲ ਸੰਕੇਤ ਕਰਦੇ ਹਨ। ਇਥੇ ਫੇਰ ਪ੍ਰਮਾਤਮਾ ਤੇ ਹਉਮੈ, ਨਿਰੰਜਨ ਤੇ ਮਨ ਦੀਆਂ ਹੋਰ ਸ਼ਕਤੀਆਂ ਜਾਂ ਬਲ ਤੇ ਬੰਧਨ ਦੀ ਵਿਰੋਧਮਈ ਏਕਤਾ ਨੂੰ ਦ੍ਰਿੜ ਕਰਵਾਇਆ ਗਿਆ ਹੈ। ਅਸਲ ਵਿੱਚ ਇਨ੍ਹਾਂ ਦਾ ਰਿਸ਼ਤਾ ਦਵੰਦਾਤਮਕ ਹੈ। ਬਲ ਦੀ ਅਣਹੋਂਦ ਬੰਧਨ ਹੈ ਤੇ ਬੰਧਨ ਦੀ ਅਣਹੋਂਦ ਬਲ। ਅੱਜ ਵੀ ਭਾਰਤ ਦਾ ਇੱਕ ਮਨੋਵਿਗਿਆਨ ਅਧਿਆਤਮਵਾਦੀ (ਜਿਸ ਨੇ ਅਧਿਆਤਮਕਤਾ ਦੀ ਵਿਆਖਿਆ ਲਈ ਮਨੋਵਿਗਿਆਨਕ ਸੰਕਲਪਾਂ ਨੂੰ ਆਧਾਰ ਬਣਾਇਆ ਹੈ, ਕ੍ਰਿਸ਼ਣਾਮੂਰਤੀ ਭੈ ਤੇ ਬਲ ਦੇ ਇਸ ਦਵੰਦ ਦੀ ਵਿਆਖਿਆ ਕਰਦਿਆਂ ਲਿਖਦਾ ਹੈ :

"ਜੀਵਨ ਦੀਆਂ ਵੱਡੀਆਂ ਸਮੱਸਿਆਵਾਂ ਵਿੱਚੋਂ ਇੱਕ ਸਮੱਸਿਆ ਭੈ ਦੀ ਹੈ-

ਅਜਿਹੇ ਭ੍ਰਸ਼ਟ, ਗਿਆਨ ਵਿਹੂਣੇ ਸਮਾਜ ਵਿੱਚ ਰਹਿੰਦਿਆਂ ਜਿਸ ਵਿੱਚ ਵਿੱਦਿਆ ਵੀ ਮੁਕਾਬਲੇ ਦੀ ਭਾਵਨਾ ਹੀ ਉਤੇਜਿਤ ਕਰਦੀ ਹੈ ਤੇ ਭੈ ਨੂੰ ਵਧਾਉਂਦੀ ਹੈ, ਅਸੀਂ ਕਿਸੇ ਨਾ ਕਿਸੇ ਤਰ੍ਹਾਂ ਦੇ ਡਰ ਦੇ ਬੋਝ ਹੇਠ ਦਬੇ ਰਹਿੰਦੇ ਹਾਂ ਤੇ ਇਹ ਡਰ ਇੰਨਾ ਭਿਅੰਕਰ ਬਣ ਗਿਆ ਹੈ ਜੋ ਨਿੱਤ ਸਾਡੀ ਅਉਧ ਨੂੰ ਤੋੜਦਾ ਮੋੜਦਾ ਤੇ ਖੁੰਢਾ ਕਰਦਾ ਹੈ।"

(*Krishnamurti, J., Freedom From the Known, PP. 40, 41.*

"Fear is one of the greatest problems in life.

Living in such a corrupt, stupid society as we do, with the competitive education we receive which engenders fear, we are all burdened with fears of some kind, and fear is a dreadful thing which warps, twists and dulls our days.")

"ਸ਼ਕਤੀ (ਬਲ) ਕਾਰਜ ਤੇ ਗਤੀ ਦਾ ਨਾਂ ਹੈ। ਸਮੁੱਚਾ

ਕਾਰਜ ਗਤੀ ਹੈ ਤੇ ਸਮੁੱਚਾ ਕਾਰਜ ਸ਼ਕਤੀ। ਸਭ ਇਛਾਵਾਂ ਸ਼ਕਤੀ ਹਨ। ਸਭ ਭਾਵੁਕਤਾ ਸ਼ਕਤੀ ਹੈ। ਸਭ ਚਿੰਤਨ ਸ਼ਕਤੀ ਹੈ। ਜੀਣਾ ਸ਼ਕਤੀ ਹੈ। ਜੀਵਨ ਸ਼ਕਤੀ ਹੈ। ਪਰ ਜੇ ਇਸ ਸ਼ਕਤੀ ਦਾ ਵਹਿਣ ਨਿਰਦਵੰਦ, ਬੇਰੁਕਾਵਟ, ਬਿਨਾ ਕਿਸੇ ਟਕਰਾਓ ਦੇ ਹੋਵੇ ਤਾਂ ਇਹ ਸ਼ਕਤੀ ਅਥਾਹ ਤੇ ਅਨੰਤ ਹੁੰਦੀ ਹੈ। ਜਦੋਂ ਕੋਈ ਰੁਕਾਵਟ ਨਹੀਂ ਹੁੰਦੀ ਤਾਂ ਇਹ ਸ਼ਕਤੀ ਅਸੀਮ ਹੁੰਦੀ ਹੈ ਇਹ ਰੁਕਾਵਟ ਹੀ ਹੈ ਜੋ ਸ਼ਕਤੀ ਨੂੰ ਸੀਮਤ ਕਰਦੀ ਹੈ।"

"---ਤੇ ਕੋਈ ਜਦੋਂ ਤੱਕ ਸਾਡੇ ਪਰਸਪਰ ਸੰਬੰਧਾਂ ਵਿਚਕਾਰ - ਪਤੀ-ਪਤਨੀ, ਮਨੁੱਖ-ਮਨੁੱਖ, ਕੌਮ-ਕੌਮ ਤੇ ਦੇਸ਼-ਦੇਸ਼ ਵਿਚਕਾਰ, ਇੱਕ ਤੇ ਦੂਜੀ ਵਿਚਾਰਧਾਰਾ ਵਿਚਕਾਰ ਕੋਈ ਰੁਕਾਵਟ ਹੈ, ਅੰਦਰਲੀ ਜਾਂ ਬਾਹਰਲੀ, ਕੋਈ ਸੂਖਮ ਤੋਂ ਸੂਖਮ ਟੱਕਰ ਹੈ ਉਦੋਂ ਤੱਕ ਸ਼ਕਤੀ ਖੀਣ ਹੁੰਦੀ ਹੈ।"

(*Krishnamurti, J., Freedom From the Known PP. 120.*

"Energy is action and movement. All action is movement and all action is energy. All desire is energy. All feeling is energy. All thought is energy. All living is energy. All life is energy. If that energy is allowed to flow without any contradiction, without any friction, without any conflict, then that energy is boundless, endless. When there is no friction there are no frontiers to energy. It is friction which gives energy limitations.

And as long as there is friction of any kind in any of our relationships, whether between husband and wife, between man and man, between one community and another or one country and another or one ideology and another, if there is any inward friction or any outward conflict in any form, however, subtle it may be there is a waste of energy.")

ਮੈਂ ਸਮਝਦਾ ਹਾਂ ਕਿ ਇਹ ਦਵੰਦ, ਸਾਧਾਰਣ ਰੂਪ ਵਿੱਚ, ਸਾਡੇ ਅਵਚੇਤਨ ਵਿੱਚ ਹਰ ਸਮੇਂ ਮੌਜੂਦ ਰਿਹਾ ਹੈ ਤੇ ਰਹਿੰਦਾ ਹੈ। ਪਰ ਅਸੀਂ ਇਸ ਤੋਂ ਸੁਚੇਤ ਉਦੋਂ ਹੁੰਦੇ ਹਾਂ ਤੇ ਇਸ ਨੂੰ ਇੱਕ ਰੋਕ ਜਾਂ ਟੱਕਰ ਦੇ ਰੂਪ ਵਿੱਚ ਉਦੋਂ ਵੇਖਦੇ ਹਾਂ ਜਦੋਂ ਵਿਰੋਧਾਂ ਦਾ ਸੰਤੁਲਨ ਵਿਗੜਦਾ ਹੈ ਤੇ ਕੋਈ ਸਮਾਜਕ ਜਾਂ ਮਾਨਸਕ ਸੰਕਟ ਪੈਦਾ ਹੁੰਦਾ ਹੈ। ਮਨੁੱਖ ਇਸ ਦਵੰਦ ਦੀ ਨਵਿਰਤੀ ਕਰਨ ਜਾਂ ਵਿਰੋਧਾਂ ਨੂੰ ਸਮਾਨ ਰੱਖਣ ਦਾ ਜਤਨ ਚਿੰਤਨ ਭਾਵ ਤੇ ਅਮਲ (ਮਨ, ਬਚ, ਕਰਮ) ਕਿਸੇ ਵੀ ਪੱਧਰ ਉੱਤੇ ਕਰ ਸਕਦਾ ਹੈ। ਗੁਰੂ ਸਾਹਿਬ ਦਾ ਉਪਦੇਸ਼ ਇਹ ਹੈ ਕਿ ਇਹ ਕਾਰਜ ਕੇਵਲ ਚਿੰਤਨ ਤੇ ਭਾਵ ਦੀ ਪੱਧਰ ਉੱਤੇ ਸਿਰੇ ਚੜ੍ਹ ਸਕਦਾ ਹੈ, ਪਰ ਉਨ੍ਹਾਂ ਦੇ ਜੀਵਨ ਤੋਂ ਪਤਾ ਲਗਦਾ ਹੈ ਕਿ ਮਾਨਸਿਕ ਦਵੰਦ ਤੋਂ ਪੂਰੀ ਤਰ੍ਹਾਂ ਮੁਕਤ ਹੋਣ ਲਈ ਅਮਲ ਹੀ ਅੰਤਿਮ ਸਾਧਨ ਹੈ। ਗੁਰੂ ਤੇਗ ਬਹਾਦਰ ਜੀ ਨੇ ਸੰਤੁਲਨ, ਸਮਾਨਤਾ ਸਹਿਜ ਅਤੇ ਦੁਖ ਸੁਖ ਨੂੰ ਸਮ ਕਰ ਜਾਣਨ ਦੀ ਕੇਵਲ ਸਿੱਖਿਆ ਹੀ ਨਹੀਂ ਦਿੱਤੀ, ਸਗੋਂ ਆਪਣੀ ਮਹਾਨ ਸ਼ਹੀਦੀ ਦੇ ਅਮਲ ਦੁਆਰਾ ਮਨੁੱਖ ਦੀ ਅਡੋਲ, ਬਲਵਾਨ ਤੇ ਨਿਰਭੈ ਆਤਮਾ ਨੂੰ ਵੀ ਪ੍ਰਤੱਖ ਕਰ ਵਿਖਾਇਆ ਹੈ। ਉਨ੍ਹਾਂ ਦੀ ਬਾਣੀ ਸਰੋਤੇ ਪਾਠਕ ਨੂੰ ਵੀ ਅਜਿਹੇ ਮਾਨਸਿਕ ਅਮਲ ਲਈ ਪ੍ਰੇਰਦੀ ਹੈ ਜਿਹੜਾ ਉਸਨੂੰ ਬੰਧਨ-ਮੁਕਤ ਕਰੇ ਤੇ ਬਲਵਾਨ ਬਣਾਵੇ। ਇਸ ਬਾਣੀ ਦੀ ਵਿਆਖਿਆ ਛੜੇ ਸਮਾਜ ਵਿਗਿਆਨ, ਨਿਰੋਲ ਮਨੋਵਿਗਿਆਨ, ਕੇਵਲ ਪਰਾਭੌਤਿਕ ਗਿਆਨ (metaphysics) ਤੇ ਸਿਰਫ ਅਧਿਆਤਮਵਾਦ (spiritualism) ਜਾਂ ਰਹੱਸਵਾਦ ਦੁਆਰਾ ਨਹੀਂ ਹੋ ਸਕਦੀ ਤੇ ਬਲ ਦੀ ਪੂਰਣ ਪ੍ਰਾਪਤੀ ਜਾਂ ਭੈ ਦੀ ਨਵਿਰਤੀ ਕੇਵਲ ਚਿੰਤਨ ਤੇ ਭਾਵਨ ਦੀ ਪੱਧਰ ਉੱਤੇ ਨਹੀਂ ਹੋ ਸਕਦੀ। ਇਸ ਬਾਣੀ ਦੀ ਵਿਆਖਿਆ ਕਿਸੇ ਯੁੱਗ-ਦਰਸ਼ਨ (world view) ਰਾਹੀਂ ਅਤੇ ਮਨੁੱਖੀ ਬਲ ਦੀ ਸੰਪੂਰਣ ਪ੍ਰਾਪਤੀ ਕਿਸੇ ਸਮਾਜਕ ਅਮਲ ਰਾਹੀਂ ਹੀ ਸੰਭਵ ਹੈ। ਮੇਰੇ ਵਰਗਾ ਬੇਅਮਲ ਆਲਮ ਤਾਂ ਗੁਰੂ ਸਾਹਿਬ ਦੀ ਇਸ ਪੰਗਤੀ ਨੂੰ ਕੇਵਲ ਆਪਣੇ ਮਨ ਵਿੱਚ ਦੁਹਰਾ ਕੇ ਹੀ ਆਪਣੇ ਆਪ ਨੂੰ ਧੀਰਜ ਦੇ ਲੈਂਦਾ ਹੈ।

*"ਬਲੁ ਛੁਟਕਿਓ ਬੰਧਨ ਪਰੇ*
*ਕਛੂ ਨ ਹੋਤ ਉਪਾਇ ॥"* ☬

ਅੰਮ੍ਰਿਤ ਕੀਰਤਨ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।

# ਅੰਮ੍ਰਿਤ ਵੇਲਾ ਸੱਚ ਨਾਓ ਵਡਿਆਈ ਵੀਚਾਰ

ਡਾ. ਸੁਰਜੀਤ ਸਿੰਘ ਕੁੰਜਾਹੀ ★

ਅੰਮ੍ਰਿਤ ਵੇਲਾ, ਸਿੱਖ ਧਰਮ ਵਿੱਚ ਵਿਸ਼ੇਸ਼ ਅਸਥਾਨ ਰੱਖਦਾ ਹੈ। ਵੈਸੇ ਤਾਂ ਸੰਸਾਰ ਦੇ ਸਮੂਹ ਧਰਮਾਂ ਦਾ ਇਸ ਨਾਲ ਅਨਿੱਖੜਵਾਂ ਰਿਸ਼ਤਾ ਬਣਿਆ ਹੋਇਆ ਹੈ। ਸਿੱਖ ਵਿਚਾਰਧਾਰਾ ਵਿੱਚ ਸਵੇਰ ਦੇ ਇਸ ਪਵਿੱਤਰ ਵਾਤਾਵਰਨ ਵਿੱਚ ਕਰਤੇ ਦੀ ਸਿਫ਼ਤ ਸਲਾਹੁ ਦਾ ਜੋ ਇਲਾਹੀ ਆਨੰਦ ਗੁਰਸਿੱਖਾਂ ਦੀ ਝੋਲੀ ਪਿਆ ਹੈ, ਉਸ ਦਾ ਥਾਹ ਨਹੀਂ ਪੈ ਸਕਦਾ। ਗੁਰੂ ਨਾਨਕ ਦੇਵ ਜੀ ਤੋਂ ਲੈਕੇ ਗੁਰੂ ਤੇਗ ਬਹਾਦਰ ਜੀ ਦੇ ਰਚਨਾਕਾਲ ਤੱਕ ਅਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਅਧਿਆਤਮਕ ਸਾਹਿਤਕਾਲ ਨੂੰ ਵਿਚਾਰਿਆ ਅੰਮ੍ਰਿਤ ਵੇਲੇ ਦੇ ਮਹੱਤਵ ਨੂੰ ਮਹਿਸੂਸਿਆ ਜਾ ਸਕਦਾ ਹੈ।

ਕਾਦਰ ਦਾ ਕੁਦਰਤ ਵਿੱਚ ਇਕ-ਮਿਕ ਹੋਕੇ ਜੀਵਾਂ ਨੂੰ ਜੀਵਨ ਦੇ ਰਾਗ, ਰੰਗ ਤੇ ਰੂਪ ਵਖਾਉਣੇ ਅਤੇ ਚਖਾਉਣੇ ਇਸ ਸਮੇਂ ਦੇ ਆਨੰਦਿਤ ਅਨੁਭਵ ਦਾ ਜਾਗਦਾ ਸਰੂਪ ਹੈ। ਕੁਦਰਤ ਦੀ ਸਾਰੀ ਘੜਤ ਅਤੇ ਜੀਵਨ ਪ੍ਰਣਾਲੀ ਦਾ ਪੱਤਾ ਪੱਤਾ ਮਉਲਿਆ, ਖਿੜਿਆ, ਉਤਸ਼ਾਹਿਆ ਅਤੇ ਉਮਾਹਿਆ ਦੀਂਹਦਾ ਹੈ। ਇਹ ਉਹ ਵੇਲਾ ਹੈ ਜਿਸ ਦੇ ਖੁਮਾਰ ਵਿੱਚ ਕਾਦਰ ਦੀ ਪਵਿੱਤਰਤਾ ਨਿਰਛਲਤਾ, ਨਿਰਵੈਰਤਾ, ਸਦੀਵੀ ਸੱਚ ਦੀ ਛੂਹ ਦਾ ਅਹਿਸਾਸ, ਹਰ ਪ੍ਰਾਣੀ ਹਿਰਦੇ ਤੇ ਛਾਪ ਛੱਡ ਜਾਂਦੇ। ਅੱਖਾਂ ਖੁੱਹਲੇ ਅਸਮਾਨ ਵਿੱਚ ਖਿਲਰੇ ਕਰੋੜਾਂ ਤਾਰਿਆਂ ਦੀ ਟਿੰਮਟਿਮਾਹਟ ਚੋਂ ਠਾਰ ਲੈਂਦੀਆਂ ਹਨ, ਕੰਨ ਕਾਦਰ ਦੀ ਸਿਫਤ ਸਲਾਹੁਤ ਸੁਣਕੇ ਸਰਸ਼ਾਰ ਹੁੰਦੇ ਹਨ, ਨੱਕ ਵਾਤਾਵਰਨ ਚੋਂ ਖਿੜੇ ਫੁੱਲਾਂ ਦੀ ਸੁਗੰਧ ਨਾਲ ਨਸ਼ਿਆ ਜਾਂਦੇ ਹਨ ਅਤੇ ਸਰੀਰ ਦਾ ਰੋਮ ਰੋਮ ਉਸ ਵਾਹਿਗੁਰੂ ਦੀ ਅਥਾਹ ਕੁਦਰਤ ਦੇ ਭਰਪੂਰ ਸਰੋਤਾਂ ਚੋਂ ਆਨੰਦ ਨਾਲ ਮਖਮੂਰ ਤੋ ਜਾਂਦੇ। ਐਸੇ ਸਰੂਰ ਨੂੰ ਸ਼ਾਇਦ ਕੋਈ ਵੀ ਜੀਵ ਮਹਿਸੂਸ ਕੀਤੇ ਬਿਨਾ ਨਹੀਂ ਰਹਿ ਸਕਦਾ। ਵਾਹਿਗੁਰੂ ਨੇ ਭਾਂਵੇ ਸਾਰੇ ਸਮੇਂ ਆਪਣੇ ਕਿਸੇ ਨਾ ਕਿਸੇ ਭੇਤ ਦੇ ਸਮਝਾਉਣ ਖਾਤਰ ਘੜੇ ਹਨ। ਹਰ ਸਮੇਂ ਦਾ ਆਪਣਾ ਅਸਰ ਹੁੰਦਾ ਹੈ। ਇੰਨ੍ਹਾਂ ਹੀ ਵੱਖ-ਵੱਖ ਸੁਭਾਵਾਂ (Moods) ਦਾ ਅਸਰ ਖਿੱਲਰੀ ਹੋਈ ਸਮੂਹ ਜੀਵਨ ਪ੍ਰਣਾਲੀ ਤੇ ਪੈਂਦਾ ਹੈ। ਇਨ੍ਹਾਂ ਹੀ ਸੁਭਾਵਾਂ ਨੂੰ ਵੱਖ-ਵੱਖ ਸਮੇਂ ਦੇ ਰਾਗਾਂ ਵਿੱਚ ਸਿਆਣਿਆਂ ਨੇ ਬੰਦ ਕਰਕੇ ਬੰਦਿਸ਼ਾਂ ਬਣਾਈਆਂ ਹਨ। ਸਾਰੀ ਸ੍ਰਿਸ਼ਟੀ ਦੇ ਸਮੂਹ ਜੀਵਨ ਸਰੋਤਾਂ ਦਾ ਇੱਕ ਬੇਮਿਸਾਲ ਸੰਗਮ ਹੈ ਇਹ ਅੰਮ੍ਰਿਤ ਵੇਲਾ। ਕਾਦਰ ਦੀ ਹਰ ਵਿਸ਼ੇਸ਼ ਘੜਤ ਦਾ ਆਪਣਾ ਆਪਣਾ ਖੇਤਰ ਹੈ। ਇਹ ਸਾਰੇ ਇੱਕ ਦੂਜੇ ਨਾਲ ਆਪਸੀ ਚੁੰਬਕੀ ਤਾਂਕਤਾਂ ਰਾਹੀਂ ਨੀਯਮਤ ਬੰਧਨ ਬਣਾਈ ਕਿਸੇ ਵਿਸ਼ੇਸ਼ ਸਥਾਨ ਤੇ ਬੱਧੇ ਖਲੋਤੇ ਹਨ। ਸੂਰਜ ਦਾ ਆਪਣਾ ਕੰਮ ਹੈ, ਪੁਲਾੜਾਂ ਦਾ ਆਪਣਾ, ਤਾਰਿਆਂ ਤੇ ਧਰਤੀਆਂ ਦਾ ਆਪਣਾ ਆਪਣਾ। ਇਸ ਵਿਸ਼ਾਲ ਕੁਦਰਤ ਤੇ ਤਾਰਾਮੰਡਲਾਂ ਦੇ ਤਾਲਮੇਲ ਵਿੱਚ ਵਿਚਰ ਰਹੇ ਹਨ ਅਰਬਾਂ ਖ਼ਰਬਾਂ ਸਿਲਸਿਲੇ ਜੀਵਨ ਕਈ ਰੂਪਾਂ ਵਿੱਚ ਦਿਵਮਾਨ ਹੈ। ਇਸ ਜੀਵਨ ਪ੍ਰਣਾਲੀ ਵਿੱਚ ਕਾਦਰ ਦੀ ਹੀ ਘੜਤ ਨੇ ਇਹ ਸੁੱਖ-ਦੁੱਖ, ਊਚ-ਨੀਚ, ਗਿਆਨ ਅਗਿਆਨ, ਭਰਮ ਭੁਲੇਖੇ, ਸੂਝ-ਬੂਝ ਦਇਆ-ਧਰਮ ਪਾਪ-ਪੁੰਨ, ਵੱਢ-ਟੁੱਕ, ਆਪੋ-ਧਾਪੀ, ਲਾਲਚ, ਕੂੜ, ਸੱਚ-ਸੁੱਚ ਆਦਿ ਜੀਵਨ ਕਿਰਿਆਵਾਂ ਜੁੜੀਆਂ ਹੋਈਆਂ ਹਨ। ਇੱਕੋ ਦੂਜੇ ਦੇ ਨਾਲ ਜੋੜ ਕੇ ਕਾਦਰ ਆਪ ਹੀ ਬੁੱਧ ਮੱਤ ਤੇ ਸੂਝ ਦੇਂਦਾ ਹੈ। ਆਪ ਹੀ ਵਿਚਾਰਨ ਦਾ ਉਪਰਾਲਾ ਦੇਂਦਾ ਹੈ। ਹਰ ਜੀਵ ਪਾਸ ਇਸ ਪਾਸ ਇਸ ਦੌਲਤ ਦਾ ਖ਼ਜ਼ਾਨਾ ਹੁੰਦਾ ਹੈ। ਪਰ ਹਰ ਜੀਵ ਇਸ ਖ਼ਜਾਨੇ ਨੂੰ ਭਾਲ ਨਹੀਂ ਸਕਦਾ। ਹਰ ਹਿਰਦਾ ਇੱਕੋ ਜਿਹੀ ਸੋਚ ਨਹੀਂ ਸੋਚਦਾ। ਹਰ ਪ੍ਰਾਣੀ ਦੀ ਦ੍ਰਿਸ਼ਟੀ ਏਨੀ ਤੀਬਰ ਨਹੀਂ ਹੁੰਦੀ ਜੁ ਉਹ ਇਸ ਤੱਥ ਨੂੰ ਪਹਿਚਾਨ ਸਕੇ।

ਅੰਮ੍ਰਿਤ ਵੇਲਾ ਸੰਸਾਰ ਦੇ ਇੱਕ ਹਿੱਸੇ ਵਿੱਚ ਆਪਣੀ ਸ਼ੀਤਲਤਾ ਸ਼ੁੱਧਤਾ ਅਤੇ ਜੀਵਨ ਸੰਚਾਰ ਲਈ ਆਕਸੀਜਨ ਦੇ ਖੁੱਲੇ ਗੱਫੇ ਵੰਡਦਾ ਹੈ ਤਾਂ ਉਸੇ ਵੇਲੇ ਕਿਸੇ ਹੋਰ ਹਿੱਸੇ ਵਿੱਚ ਦੁਪਹਿਰ ਦਾ ਕਹਿਰ ਵਰਤ ਰਿਹਾ ਹੁੰਦੇ। ਧਰਤੀ ਆਪਣੇ ਧੁਰੇ ਤੇ ਤੁਰਦੀ ਰਹਿੰਦੀ ਹੈ। ਸੂਰਜ ਦੇ ਆਪਣੇ ਸਰੀਰ ਨੂੰ ਖੋਲਦੀ ਕੱਜਦੀ ਇਹ ਮੌਸਮਾਂ ਦਾ ਕਈ ਸਫ਼ਰ ਕੱਟਦੀ ਪਈ ਹੈ। ਅੰਮ੍ਰਿਤ ਵੇਲਾ ਵੀ ਧਰਤੀ ਮਨੁੱਖੀ ਵੱਸੋਂ ਗਹਿਰੀ ਨਦਿਰ ਦੀ ਘੂਕੀ ਵਿੱਚ ਗੜੁੱਚੀ ਰਹਿੰਦੀ ਹੈ। ਗੁਰੂ ਦੇ ਦਰਸਾਏ ਗੁਰੂ ਸਵਾਰੇ ਹੀ ਅੰਮ੍ਰਿਤ ਵੇਲੇ ਜਾਗਕੇ ਇਸ ਸਵਰਗ ਚੋਂ ਹੋ ਆਉਂਦੇ ਹਨ। ਇਸ ਸੰਸਾਰ ਦੇ ਬਹੁਤੇ ਭਾਜੜ ਮਾਰੇ ਤੌਰ ਤਰੀਕੇ ਸਾਂਤ ਹੋਏ ਨਿਸੱਲ ਪਏ ਹੁੰਦੇ ਹਨ। ਕੁਦਰਤ ਰਾਣੀ ਆਪਦੇ ਪਰ

★ 870, ਸੈਕਟਰ 15, ਫਰੀਦਾਬਾਦ - 121 007

ਸਵਾਰਦੀ ਹੈ। ਪਵਨ ਆਪਣੇ ਅੰਦਰ ਹਰਿਔਲਾਂ ਛੱਡੀ ਆਕਸੀਜਨ ਦੁਹੀਂ ਹੱਥੀ ਫੋਲਦੀ ਫਿਰਦੀ ਏ। ਦੂਸ਼ਿਤ ਗੈਸ ਦਰਖਤ ਚੂਸ ਕੇ ਆਕਸੀਜਨ ਛੱਡ ਦਿੰਦੇ ਹਨ। ਹਵਾ ਸਾਫ਼ ਹੋ ਜਾਂਦੀ ਹੈ। ਪਵਨ ਬਨਸਪਤੀ ਅਤੇ ਜੰਗਲਾਂ ਪਹਾੜਾਂ ਤੋਂ ਸਵੱਛਤਾ ਸੁੰਗਧੀਆਂ ਤੇ ਕਾਦਰ ਦੇ ਸੁਨੇਹੜੇ ਲੈਕੇ ਘਰ ਘਰ ਪੁੱਜਦੀਆਂ ਹਨ। ਵਿਰਲੇ ਗੁਰੂ ਕੇ ਲਾਡਲੇ ਜਾਗ ਪੈਂਦੇ ਹਨ ਤੇ ਇਸ ਦਾ ਸਵਾਗਤ ਕਰਦੇ ਹਨ। ਐਸਾ ਸਮਾਂ ਉਸ ਵਾਹਿਗੁਰੂ ਦੇ ਮੂੰਹ ਦਰੂੰਹੀ ਹੋਣ ਦਾ ਵਿਸ਼ੇਸ਼ ਮੌਕਾ ਲੈਕੇ ਆਉਂਦਾ ਹੈ। ਵਾਹਿਗੁਰੂ ਆਪ ਵੀ ਇਸ ਮੁਖਮੂਰੀ 'ਚ ਵਸਦਾ ਹੈ। ਜੋ ਪ੍ਰਾਣੀ ਇਸ ਮਦਮਸਤੀ ਵਿੱਚ ਨਾਮ ਬਾਣੀ ਦਾ ਸਿਮਰਨ ਕਰਦਾ ਹੈ ਅਤੇ ਬਾਣੀ ਵਿਚਾਰਦਾ ਹੈ ਉਸ ਨੂੰ ਵਾਹਿਗੁਰੂ ਦੇ ਦੀਦਾਰੇ ਹੋ ਜਾਂਦੇ ਹਨ। ਇਸ ਸਮੇਂ ਨੂੰ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ ਕਿ *"ਅੰਮ੍ਰਿਤ ਵੇਲਾ ਸਚੁ ਨਾਮ ਵਡਿਆਈ ਵੀਚਾਰ"*।

ਜੇ ਇਹ ਅੰਮ੍ਰਿਤ ਵੇਲਾ ਸਚੁ ਨਾਮ ਹੈ ਅਤੇ ਇਹ ਸਮਾਂ ਉਸ ਕਰਤੇ ਦੇ ਗੁਣਾਂ ਦੇ ਵਿਸ਼ਲੇਸ਼ਣ ਕਰਕੇ ਸਮਝਣ ਦਾ ਸਮਾਂ ਹੈ, ਤਾਂ ਬਾਕੀ ਦੇ ਪਹਿਰ ਕਰਤੇ ਨੇ ਕਾਹਦੇ ਲਈ ਬਣਾਏ ਹਨ। ਸਵਾਸ ਸਵਾਸ ਨਾਮ ਜਪਣ ਦੀ ਤਾਕੀਦ ਵੀ ਗੁਰੂ ਸਾਹਿਬ ਦੀ ਹੀ ਹੈ। ਹਰ ਸਵਾਸ ਹਰ ਸਮੇਂ ਦੀ ਜ਼ਰੂਰਤ ਹੈ। ਅੱਠਪਹਿਰਾਂ ਦੇ ਜੋ ਵੀ ਕਾਰਜ ਨਿਰਧਾਰਿਤ ਹਨ, ਉਹ ਕਰਦਿਆਂ ਹੋਇਆ ਵਾਹਿਗੁਰੂ ਦੇ ਚਰਨਾਂ 'ਚ ਚਿਤ ਜੋੜ ਕੇ ਰੱਖਣਾ ਹੀ ਸਿੱਖ ਲਈ ਗੁਰੂ ਦਾ ਹੁਕਮ ਹੈ। ਅੰਮ੍ਰਿਤ ਵੇਲੇ ਦੀ ਵਿਸ਼ੇਸ਼ਤਾ ਫਿਰ ਕੀ ਹੈ? ਐਸੇ ਪ੍ਰਸ਼ਨ ਮਨ 'ਚ ਆ ਸਕਦੇ ਹਨ ਅਤੇ ਇਹ ਸੁਭਾਵਿਕ ਵੀ ਹਨ।

ਵਾਹਿਗੁਰੂ ਸਰਵ ਵਿਆਪੀ, ਘਟ ਘਟ ਦੇ ਅੰਦਰ ਵਾਸ ਕਰਦਾ ਹਰ ਸੋਚ, ਹਰ ਕਰਮ, ਹਰ ਘਟਨਾ ਵਿੱਚ ਆਪ ਘਟਦਾ ਹੈ ਅਤੇ ਆਪਦੇ ਪਸਾਰੇ ਵਿੱਚ ਆਪ ਹੀ ਵਾਪਰਦੈ। ਉਸ ਦੇ ਸਮੂਹ ਗੁਣਾਂ ਦਾ ਬਖਾਨ ਕਿਸ ਜੀਭਾ ਪਾਸੋਂ ਹੋ ਸਕਦੈ? ਉਹ ਤਾਂ ਆਪੇ ਹਰ ਇੱਕ ਰੰਗ ਹੈ- ਆਪੇ ਬਹੁਰੰਗੀ ਅਤੇ ਗੁਰੂ ਸਾਹਿਬ ਦਾ ਫੁਰਮਾਨ *"ਜੋ ਤੁਧ ਭਾਵੇ ਨਾਨਕਾ ਸਾਈ ਗਲ ਚੰਗੀ"* ਤੇ ਸਿੱਧਾ ਢੁੱਕਦਾ ਹੈ। ਇਸ ਲਈ ਵਡਿਆਈ ਵੀਚਾਰਦਿਆਂ ਅੰਮ੍ਰਿਤ ਵੇਲੇ ਹਰ ਮਉਲਿਆ ਵਣ ਤ੍ਰਿਣ ਸਾਡੀ ਨੀਝ ਦੇ ਸਾਹਮਣੇ ਆਵੇ ਤਾਂ ਹੀ ਇਹ ਵਿਚਾਰ ਸਾਕਾਰ ਹੋ ਸਕਦੈ। ਅੰਮ੍ਰਿਤ ਵੇਲੇ ਦੇ ਨਸ਼ਿਆਉਂਦੇ ਮਾਹੌਲ ਵਿੱਚ ਸੂਰਜ ਦੀਆਂ ਪਹਿਲੀਆਂ ਕਿਰਨਾਂ ਦੀ ਜਾਗ ਵੀ ਖੁੱਲ੍ਹਦੀ ਹੈ। ਪੰਖੇਰੂ ਪਵਨਾਂ ਦੇ ਨਖਰਿਆਂ ਨਾਲ ਕਲੋਲ ਕਰਦੇ ਆਪਣੇ ਆਪਣੇ ਖੰਭਾਂ ਨੂੰ ਫਰਫਰਾਂਦੇ ਹਵਾਵਾਂ ਤੇ ਤਾਰੀਆਂ ਲਾਂਦੇ, ਮੁੱਖੋਂ ਵਾਹਿਗੁਰੂ ਦੇ ਗੁਣ ਗਾਣ ਕਰਦੇ ਚਹਿਚਹਾਂਦੇ ਹਨ। ਅਸਮਾਨ ਦੀ ਪੂਰਬੀ ਗੱਠ ਤੋਂ ਚਾਨਣ ਦੇ ਪਹੁਫੁਟਾਲੇ ਵਾਲੇ ਸੁੰਦਰ ਰੰਗ ਕਾਇਨਾਤ ਵਿੱਚ ਨਵੀਂ ਉਮੀਦ ਦੀ ਕਿਰਨ ਲੈਕੇ ਉੱਭਰਦੇ ਹਨ ਤਾਂ ਵਾਹਿਗੁਰੂ ਦੀ ਵਡਿਆਈ ਨੂੰ ਹੋਰ ਸੁਰ ਮਿਲ ਜਾਂਦੇ ਹਨ। ਗੁਰਬਾਣੀ ਦੇ ਮਿੱਠੇ ਕੀਰਤਨ ਫਿਜ਼ਾਂਵਾਂ ਵਿੱਚ ਮਿਠਾਸ ਅਤੇ ਰੰਗਾਂ ਦੇ ਮਿਸ਼ਰਨ ਨੂੰ ਸਾਰੀ ਲੁਕਾਈ ਨੂੰ ਲੁਟਾਂਦੇ ਹੋਏ ਮਨੁੱਖੀ ਹਿਰਦਿਆਂ ਨੂੰ ਅੰਮ੍ਰਿਤ ਰਸ ਨਾਲ ਸੁਰਜੀਤ ਕਰਦੇ ਹਨ। ਜ਼ਮੀਰਾਂ ਦੇ ਭਾਰ ਹੇਠ ਦੱਬੇ ਪੱਛੋਤਾਵੇ ਆਪਣੇ ਅਥਰੂਆਂ ਦੇ ਰੋਹੜ ਦਬਾਦਸ਼ ਵਗਾ ਲੈਂਦੇ ਹਨ। ਹਿਰਦਿਆਂ ਤੇ ਲੱਗੀ ਉਮਰਾਂ ਦੀ ਮੈਲ ਲੱਥ ਜਾਂਦੀ ਹੈ। ਵਾਹਿਗੁਰੂ ਬਖਸ਼ਿੰਦ ਸਾਡੀਆਂ ਭੁੱਲਾਂ ਬਖਸ਼ਣ ਦੀ ਖ਼ਾਤਰ ਆਪ ਵਿਦਮਾਨ ਹੋਂਦਾ ਏ। ਕੁਦਰਤ ਅਤੇ ਕਾਦਰ ਦੇ ਇਸ ਵਿਸਥਾਰ ਵਿੱਚ ਅੰਤਾਂ ਦਾ ਪਿਆਰ ਅਤੇ ਨਿੱਘ ਹੁੰਦੀ ਹੈ। ਵਾਹਿਗੁਰੂ ਆਪ ਤੁੱਠ ਕੇ ਸਰਬੱਤ ਨੂੰ ਸਰਨਾਈ ਦੇ 'ਦਾ ਹੈ। ਐਸੇ ਸੁਭਾਗੇ ਸਮੇਂ ਹੀ ਗੁਰਮੁਖ ਜਾਗਦੇ ਹਨ, ਉਸ ਵਾਹਿਗੁਰੂ ਦੇ ਚਰਨਾਂ ਨਾਲ ਜੁੜਦੇ ਹਨ ਅਤੇ ਨਾਮ ਬਾਣੀ ਦੇ ਸਿਮਰਨ ਅਤੇ ਕੀਰਤਨ ਦੇ ਪ੍ਰਵਾਹ ਸਮੂਹ ਮਾਨਵ ਜਾਤੀ ਲਈ ਨਵੀਂ ਜੀਵਨ ਧਾਰਾ ਪ੍ਰਦਾਨ ਕਰਦੇ ਹਨ। ਸਮੇਂ ਦੇ ਸੁਭਾਅ ਵਿੱਚ ਜਿਸ ਨਿਰਛਲਤਾ ਦਾ ਸਮਾਵੇਸ਼ ਹੁੰਦੇ ਉਸ ਦੀਆਂ ਸੁਰ ਤਾਲਾਂ ਵਿੱਚ ਮਾਨ ਕੰਠ ਵੀ ਸੁਰ ਹੋ ਜਾਂਦੇ ਹਨ। ਪ੍ਰਭੂ ਦੇ ਗੁਣ ਗਾਉਣ ਵਾਲੇ ਸਮੂਹ ਕੰਠਾਂ ਦੀ ਸੁਰੀਲੀ ਧਾਰਾ ਅੰਤਹਿਕਰਨ ਵਿੱਚ ਧਸ ਜਾਂਦੀ ਹੈ। ਸਰੀਰ ਝਰਨਾਟੇ ਮਾਰਦਾ ਹੈ ਤੇ ਸਿਰ ਝੂਮਦੇ ਹਨ ਸਰੀਰ ਦਾ ਰੋਮ ਰੋਮ ਇਸ ਇਲਾਹੀ ਖੁਮਾਰ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ। ਇਹ ਕੁਝ ਪਲ ਤੇ ਘੜੀਆਂ ਸਮੁੱਚੀ ਸੋਚ ਨੂੰ ਸੱਚ ਦੀ ਸਿਧੀ ਰਾਹ ਤੇ ਪਾਕੇ ਆਪ ਅਤੀਤ ਬਣ ਜਾਂਦੇ ਹਨ ਅਤੇ ਅਗਲੇ ਦਿਨ ਫੇਰ ਅੰਮ੍ਰਿਤ ਵੇਲੇ ਨਵੀਂ ਪ੍ਰਭਾਤ ਦੀਆਂ ਕਿਰਨਾਂ ਨਾਲ ਭਰ ਜੋਬਨ ਉੱਭਰ ਆਉਂਦੇ ਹਨ। ਐਸਾ ਹੈ ਕਮਾਲ ਇਸ ਅੰਮ੍ਰਿਤ ਵੇਲੇ ਦਾ। ਅੰਮ੍ਰਿਤ ਵੇਲਾ ਹੀ ਉਸ ਵਾਹਿਗੁਰੂ ਦੇ ਸਹਿਜ ਸੁਭਾਅ ਦਾ ਪ੍ਰਤੀਕ ਹੈ।

ਨਾਮ ਸਿਮਰਨ ਦੇ ਨਾਲ ਕਿਰਤ ਤੇ ਕਮਾਈ ਵਿੱਚ

ਸੱਚ ਦਾ ਪੱਲਾ ਗੁਰਸਿੱਖ ਲਈ ਭਵਸਾਗਰ ਪਾਰ ਕਰਨ ਦਾ ਵਸੀਲਾ ਹੁੰਦੇ ਨੇ। ਜਪੁਜੀ ਸਾਹਿਬ ਵਿੱਚ ਗੁਰੂ ਸਾਹਿਬ ਨੇ ਕਾਦਰ ਕੁਦਰਤ ਅਤੇ ਸਮੂਹ ਕਾਇਨਾਤ ਦੇ ਸਬੰਧਾਂ ਉੱਤੇ ਜੋ ਚਿਤਰਨ ਕੀਤਾ ਹੈ ਇਸਦੀ ਮਿਸਾਲ ਸੰਸਾਰ ਵਿੱਚ ਹੋਰ ਕਿਤੇ ਨਹੀਂ ਲੱਭਦੀ। ਅੰਮ੍ਰਿਤ ਵੇਲੇ ਉੱਠਕੇ ਇਨ੍ਹਾਂ ਕੁਦਰਤੀ ਨਿਹਮਤਾਂ ਦਾ ਰੱਜ ਰੱਜ ਸੇਵਨ ਕਰਨਾ ਹੀ ਨਾਮ ਸਿਮਰਨ ਦੀ ਪਹਿਲੀ ਪਉੜੀ ਹੈ। ਵਾਹਿਗੁਰੂ ਦੇ ਸੱਜਨ ਸਰੂਪ ਦਾ ਦੀਦਾਰ ਜਪੁਜੀ ਸਾਹਿਬ ਦੇ ਪਾਠ ਦੀ ਵਿਚਾਰ ਧਾਰਾ ਹੋ ਜਾਂਦਾ ਹੈ। ਅੰਮ੍ਰਿਤ ਵੇਲੇ ਦਾ ਜਾਗਣਾ ਕਈ ਪ੍ਰਕਾਰ ਤੋਂ ਲਾਭਦਾਇਕ ਹੈ। ਸਵੇਰੇ ਦੇ ਗੁਣਕਾਰੀ ਪਲ-ਛਿਣ ਸਰੀਰ ਦੇ ਅਰੋਗਤਾ ਅਤੇ ਆਤਮਾ ਦੀ ਸੁੱਧੀ ਲਈ ਵੀ ਲਾਭਦਾਇਕ ਹਨ। ਵਾਹਿਗੁਰੂ ਦੀ ਸਿਫਤ ਸਲਾਹ ਵਿੱਚ ਮਨ ਜੁੜਦਾ ਹੈ। ਆਤਮਕ ਤੌਰ ਤੇ ਚੰਗੇ ਆਚਰਨ ਦੇ ਵਿਸਤਾਰ ਲਈ ਵੀ ਅੰਮ੍ਰਿਤ ਵੇਲੇ ਦਾ ਜਾਗਣਾ ਜ਼ਰੂਰੀ ਹੈ। ਇਸ ਦਾ ਅਭਿਆਸ ਕਰਨ ਨਾਲ ਇੱਕ ਚੰਗੇ ਜੀਵਨ ਦਾ ਆਰੰਭ ਹੁੰਦਾ ਹੈ।

HOTEL AROMA COMPLEX

**HOTEL AROMA COMPLEX**

**Himalaya Marg, Sector 22-C, Chandigarh 160 022**

**Phone : 700045-48 Fax : 0172-700051**

## My Task

To love someone more dearly ev'ry day.
To help a wandering child to find his way.
To ponder o'er a noble thought, and pray.
And smile when evening falls.
This is my Task.

To follow truth as blind men long for light.
To do my best from dawn of the day till night.
To keep my heart fit for His holy sight.
And answer when He calls.
This is my Task.

With best compliments from
*a wellwisher*

# ਗੁਰਸਿਖੀ ਦਾ ਕਰਮ ਇਹ...

ਰਮੇਸ਼ ਸਿੰਘ ★

ਸਵੇਰੇ ਸੈਰ ਕਰਦਿਆਂ ਇੱਕ ਗੁਰੂ ਪਿਆਰੇ ਵੀਰ ਜੀ ਮਿਲ ਪੈਂਦੇ ਹਨ ਕਦੇ-ਕਦੇ ਤੇ ਉਨ੍ਹਾਂ ਨਾਲ ਕੀਤੀ ਸੈਰ ਵੀ ਸਤਿਸੰਗ ਬਣ ਜਾਂਦੀ ਹੈ। ਪ੍ਰਭੂ ਕਿਰਪਾ ਸਦਕਾ ਕੁਝ ਦਿਨ ਪਹਿਲਾਂ ਦਰਸ਼ਨ ਹੋ ਗਏ, ਮੇਰੀ ਬੇਨਤੀ ਕੁਝ ਪ੍ਰਭੂ ਦੀਆਂ ਬਾਤਾਂ ਸੁਣਾਓ- ਸੁਣ ਕਹਿਣ ਲੱਗੇ, "ਮੈਂ ਖਾਲਸਾ ਸਮਾਚਾਰ ਵਿੱਖ New York ਦੇ ਭੈਣ ਉਤਮਜੀਤ ਕੌਰ ਜੀ ਦਾ ਲੇਖ 'ਮਿੱਠਾ ਬੋਲਣ, ਨਿਵ ਚਲਣ ਹਥਹੁ ਦੇ ਕੇ ਭਲਾ ਮਨਾਏ' ਪੜ੍ਹਿਆ ਜਿਸ ਵਿੱਚ ਉਨ੍ਹਾਂ ਆਪਣੇ, ਨਾਮ ਦੇ Connection ਵਾਲੇ ਇੱਕ ਵੀਰ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਭਾਈ ਗੁਰਦਾਸ ਜੀ ਦੀ ਇਹ ਤੁਕ, *"ਗੁਰਸਿੱਖੀ ਦਾ ਕਰਮ ਇਹ ਗੁਰ ਫੁਰਮਾਇ ਗੁਰਸਿੱਖ ਕਰਨਾ"*, ਗੁਰੂ ਚਰਣਾਂ ਵਿੱਚ ਜਾ ਵਿਰਾਜੇ ਵੀਰ ਦੀ ਘਾਲ ਕਮਾਈ ਦਾ ਜਿਕਰ ਕਰਦਿਆਂ ਲਿਖੀ। ਪੜ੍ਹ ਕੇ ਮੈਨੂੰ ਮੇਰੇ ਇੱਕ ਮਿੱਤਰ ਦੀ ਯਾਦ ਆ ਗਈ ਜੋ ਹਮੇਸ਼ਾ ਇਸ ਕੋਸ਼ਿਸ਼ ਵਿੱਚ ਰਹਿੰਦੇ ਹਨ ਕਿ ਗੁਰੂ ਦੇ ਹੁਕਮਾਂ ਦੀ ਕਮਾਈ ਕਰ ਕੇ ਜੀਵਨ ਸਫਲਾ ਕੀਤਾ ਜਾਏ।" ਵੀਰ ਜੀ ਨੇ ਕੁਝ ਸੱਚੀਆਂ ਘਟਨਾਵਾਂ ਦੱਸੀਆਂ ਕਿ ਕਿਵੇਂ ਉਹ ਗੁਰਸਿੱਖ ਮਿੱਤਰ ਗੁਰੂ ਦੀ ਕਾਰ ਕਮਾਂਦੇ ਹਨ। ਉਨ੍ਹਾਂ ਕੋਲੋਂ ਜੋ ਸੁਣਿਆ ਆਪ ਨਾਲ share ਕਰਨ ਦੀ ਖੁਸ਼ੀ ਲੈ ਰਿਹਾ ਹਾਂ।

"ਮਿੱਤਰ ਜੀ ਜਿਸ ਰਾਹ ਸੈਰ ਕਰਨ ਜਾਂਦੇ ਸਨ ਉਸ ਰਸਤੇ ਵਿੱਚ ਇੱਕ ਇਸਾਈ ਬੁੱਢੀ ਮਾਂ (ਅੱਖਾਂ ਦੀ ਰੋਸ਼ਨੀ ਲਗਭਗ ਖਤਮ ਹੋ ਚੁੱਕੀ ਸੀ), ਕਿਸਮਤ ਦੀ ਮਾਰੀ ਆਪਣੀ ਵਿਆਹੁਤਾ ਬੇਟੀ ਦੀ ਝੁਗੀ ਝੋਪੜੀ ਵਿੱਚ ਦਿਨ ਗੁਜਾਰਦੀ ਸੀ। ਸ਼ਰਾਬੀ ਜੁਆਈ ਆਏ ਦਿਨ ਨਸ਼ੇ ਵਿੱਚ ਲਾਚਾਰ ਮਾਂ ਨੂੰ ਗਾਲਾਂ ਕੱਢਦਾ ਤੇ ਤੰਗ ਕਰਦਾ ਸੀ, ਉਸ ਵਿਚਾਰੀ ਨੂੰ ਦੋ ਜੂਨ ਦੀ ਰੋਟੀ ਵੀ ਨਸੀਬ ਨਹੀਂ ਸੀ ਹੁੰਦੀ। ਅਬਲਾ, ਅਸਹਾਇ ਨਾਰੀ ਬੜੀ ਮੁਸ਼ਕਲ ਝੋਪੜੀ 'ਚੋਂ ਨਿਕਲ, ਸਾਹਮਣੇ ਪੈਂਦੀ ਗੰਦੀ ਨਾਲੀ ਨੂੰ ਕਿਸੇ ਤਰ੍ਹਾਂ ਪਾਰ ਕਰ, ਸੋਟੀ ਨਾਲ ਟੋਹ-ਟੋਹ ਕੇ, 100 ਕੁ ਗਜ ਦੂਰ ਇੱਕ ਗਿਰਜਾਘਰ ਦੇ ਅਹਾਤੇ ਅੰਦਰ ਬਣੇ ਮਕਾਨਾਂ ਵਿੱਚ ਨੌਕਰਾਣੀ ਦਾ ਕੰਮ ਕਰਨ ਜਾਂਦੀ ਸੀ। ਮਿੱਤਰ ਜੀ ਨੇ ਕੁਝ ਦਿਨ ਉਸ ਮਾਂ ਦੀ ਹਾਲਤ ਵੇਖੀ, ਫਿਰ ਗੁਰੂ ਹੁਕਮਾਂ ਤੋਂ ਪ੍ਰਾਪਤ ਸੋਝੀ ਕਾਰਣ ਉਪਜੀ ਦਇਆ ਨੇ ਜੋਰ ਮਾਰਿਆ ਤੇ ਇੱਕ ਦਿਨ ਉਹ ਕਹਿਣੋਂ ਨਾ ਰਹਿ ਸਕੇ- "ਮਾਂ ਅਗਰ ਆਪ ਇਜ਼ਾਜਤ ਦੋ ਤੋ ਮੈਂ ਰੋਜ਼ ਆਪਕੋ, ਘਰ ਸੇ ਗਿਰਜੇ ਕੇ ਅਹਾਤੇ ਕੇ ਅੰਦਰ ਪਹੁੰਚਾ ਦਿਆ ਕਰੂੰਗਾ।" ਸੁਭਾਵਿਕ ਸੀ, ਉਹ ਬੜਾ ਖੁਸ਼ ਹੋਈ, ਕਿਹਾ, ਹਾਂ ਬੇਟਾ, ਤੁਮਾਰਾ ਭਾਲ ਹੋਗਾ ਅਗਰ ਮੇਰੀ ਬੁਢੀਆ ਕੀ ਮਦਦ ਕਰੋਗੇ।" ਸੁ, ਗੁਰੂ ਕਿਰਪਾ ਸਦਕਾ, ਸਿੱਖ ਨੂੰ ਸੇਵਾ ਮਿਲ ਗਈ। ਉਹ ਰੋਜ਼ ਜਾਂਦੇ, ਮਾਂ wait ਕਰਦੀ ਹੁੰਦੀ, ਪਹਿਲਾਂ ਉਸ ਨੂੰ ਨਾਲੀ ਪਾਰ ਕਰਾਂਦੇ, ਫਿਰ ਉਸਦੀ ਲਾਠੀ ਪਕੜ, ਗਿਰਜੇ ਦੇ ਅਹਾਤੇ ਅੰਦਰ ਉਸ ਮਕਾਨ ਦੇ ਗੇਟ ਤੱਕ ਉਸਨੂੰ ਪੁਚਾਂਦੇ ਜਿੱਥੇ ਉਹ ਕੰਮ ਕਰਦੀ ਸੀ। 5-7 ਮਿੰਟ ਲਗਦੇ ਇਸ ਵਿੱਚ ਤੇ ਇਸ ਦੌਰਾਨ ਉਸ ਨਾਲ ਇਸ ਤਰ੍ਹਾਂ ਚਰਚਾ ਕਰਦੇ, "ਮਾਂ, Jesus ਕੋ ਹਰ ਵਕਤ ਯਾਦ ਕੀਆ ਕਰੋ, Jesus ਸਭ ਕੋ ਪਿਆਰ ਕਰਤੇ ਥੇ, ਆਪ ਭੀ ਬੇਟੀ ਕੇ ਸਾਥ-ਸਾਥ ਦਾਮਾਦ ਦਾ ਭੀ ਭਲਾ ਮਾਂਗੀਏ- ਪ੍ਰਭੂ ਇਸ ਅਗਿਆਨੀ ਕੋ ਭੀ ਅਪਨਾ ਪਿਆਰ ਦੋ, ਇਸੇ ਭੀ ਸਮਝ ਆਏ ਕਿ ਇਹ ਦੁਰਲਭ ਜੀਵਨ ਸ਼ਰਾਬ ਮੇਂ ਬਰਬਾਦ ਕਰਨੇ ਕੇ ਲੀਏ ਨਹੀਂ, ਪ੍ਰਭੂ ਕਾ ਨਾਮ ਜਪਨੇ ਕੇ ਲੀਏ ਮਿਲਾ ਹੈ- ਤੇ ਉਸਨੂੰ ਹਫਤੇ-ਦਸ ਦਿਨ੍ਹਾਂ ਬਾਅਦ 20-25 ਰੁਪਏ ਦੇ ਦੇਂਦੇ। ਮਾਂ ਰੋਜ਼ ਲਖ-ਲਖ ਅਸੀਸਾਂ ਦੇਂਦੀ। ਸੜਕ ਤੇ ਸੈਰ ਕਰਨ ਵਾਲੇ ਤੇ ਚਰਚ ਦੇ ਅਹਾਤੇ ਅੰਦਰ ਰਹਿਣ ਵਾਲੇ ਵੀ ਹੈਰਾਨੀ ਨਾਲ ਵੇਖਦੇ ਕਿ ਇਹ ਸਿੱਖ ਰੋਜ ਕੀ ਕਰਦਾ ਹੈ, ਇਸ ਨੇਤ੍ਰਹੀਨ ਬੁੱਢੀ ਨੂੰ ਇਤਨੇ ਪਿਆਰ ਨਾਲ ਲੈ ਜਾਂਦਾ ਹੈ, ਉਨ੍ਹਾਂ ਨੂੰ ਕੀ ਪਤਾ ਕਿ ਉਹ ਤਾਂ ਰੋਜ਼ ਆਪਣੇ ਗੁਰੂ ਦਾ ਲਖ-ਲਖ ਸ਼ੁਕਰ ਕਰਦਾ ਹੈ ਜਿਸਨੇ ਉਸਨੂੰ ਇਹ ਜੀਵਨ ਜਾਚ ਸਿਖਾਈ- (ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥) ਤੇ ਸੇਵਾ ਬਖਸ਼ੀ।

ਇੱਕ ਦਿਨ ਮਿੱਤਰ ਜੀ ਗਏ ਤਾਂ ਬੁੱਢੀ ਬਹੁਤ ਉਦਾਸ ਸੀ, ਰੋ ਰਹੀ ਸੀ। ਪੁੱਛਿਆ, "ਮਾਂ ਕਿਹਾ ਹੁਆ?" ਦੱਸਿਆ ਉਸ, ਕਿ ਜੁਆਈ ਨੇ ਸ਼ਰਾਬ ਪੀ ਕੇ ਗਾਲ੍ਹਾਂ ਕੱਢੀਆਂ ਤੇ ਧਮਕੀ ਦਿੱਤੀ ਕਿ ਜੇ ਤੂੰ ਸਾਡੇ ਘਰੋਂ ਦਫਾ ਨਾ ਹੋਈ ਤਾਂ ਤੇਰਾ ਸਾਮਾਨ ਸੜਕ ਤੇ ਸੁੱਟ ਦਿਆਂਗਾ। ਕਹਿਣ ਲੱਗੀ, "ਬੇਟਾ, ਮੇਰਾ ਕਹੀਂ ਔਰ ਇੰਤਜ਼ਾਮ ਕਰ ਦੋ, ਮੈਂ ਅਬ ਇਸ ਨਰਕ ਮੇਂ ਨਹੀਂ ਰਹਿ ਸਕਤੀ।" ਮਿੱਤਰ ਜੀ ਨੇ ਦਿਲਾਸਾ ਦਿੱਤਾ, "ਮਾਂ ਚਿੰਤਾ ਮਤ ਕਰੋ, ਪ੍ਰਭੂ ਕੋਈ ਇੰਤਜ਼ਾਮ ਕਰੇਂਗੇ", ਪਰ ਆਪ ਸੋਚੀਂ ਪੈ ਗਏ, ਕੀ

★ # 16, Kasidih East, Road No.1 Sakchi, Jamshedpur - 831 001 (Bihar)

ਪ੍ਰਬੰਧ ਹੋਵੇ, ਮੈਂ ਤਾਂ ਛੋਟਾ ਜਿਹਾ, ਗਰੀਬ ਬੰਦਾ, ਨਾ ਕੋਈ ਮੇਰੀ ਵੁਕਤ ਹੈ, ਨਾ ਜਾਣ-ਪਛਾਣ, ਨਾ ਕੋਈ ਪਹੁੰਚ। ਫਿਰ, ਗੁਰੂ ਕਿਰਪਾ, ਖਿਆਲ ਆਇਆ, ਇਹ ਮੇਰਾ ਕੰਮ ਥੋੜਾ ਹੈ, ਜਿਸਦਾ ਕਾਰਜ ਹੈ, ਜਿਸ ਮੈਨੂੰ ਇਹ ਡਿਊਟੀ ਬਖਸ਼ੀ ਹੈ, ਉਸੇ ਨੂੰ refer ਕਰਦਾ ਹਾਂ, ਆਪੇ ਦੱਸੇਗਾ, ਸੁ ਇੰਜ ਹੀ ਕੀਤਾ। ਅੰਦਰ ਹੀ problem ਪ੍ਰਭੂ ਨੂੰ handle ਕਰਨ ਲਈ ਦੇ ਦਿੱਤੀ। ਪ੍ਰਭੂ ਨੇ ਸੋਝੀ ਬਖਸ਼ੀ ਕਿ ਪਤਾ ਕਰ ਇਸ ਸ਼ਹਿਰ Jamshedpur ਵਿੱਚ ਮਦਰ ਟੇਰੇਸਾ ਦਾ ਇੱਕ ਅਨਾਥ ਆਸ਼ਰਮ ਹੈ, ਜੇ ਉਹ ਰੱਖ ਲੈਣ ਤਾਂ ਕੰਮ ਬਣ ਸਕਦਾ ਹੈ ਮਾਂ ਦਾ। ਫੋਨ ਕਰ ਕੇ ਇੱਕ ਮਿੱਤਰ ਤੋਂ ਪਤਾ ਕੀਤਾ ਤੇ ਉੱਧਰ ਮਾਂ ਨੂੰ ਪੁੱਛਿਆ ਕਿ ਜੇ ਇਹ ਪ੍ਰਬੰਧ ਹੋ ਜਾਏ ਤਾਂ ਤੂੰ ਜਾਣ ਨੂੰ ਤਿਆਰ ਹੈਂ, ਉਸ ਹਾਂ ਕਰ ਦਿੱਤੀ। ਹੁਣ ਮਿੱਤਰ ਜੀ ਨੇ ਫੋਨ ਕਰ ਕੇ ਉਸ ਅਨਾਥ ਆਸ਼ਰਮ (Nirmal Hirday) ਦੀ Incharge Sister (Sr. Mevis) ਨਾਲ appointment ਲੈ ਕੇ ਪਹੁੰਚ ਗਏ ਤੇ ਮਾਂ ਦੀ ਦੁਖ ਭਰੀ ਕਹਾਣੀ ਜਾ ਸੁਣਾਈ। ਸਿਸਟਰ ਨੇ ਪਹਿਲਾਂ ਦੱਸਿਆ ਸੀ ਕਿ ਆਮ ਤੌਰ ਤੇ ਆਪਣੇ ਆਸ਼ਰਮ ਵਿੱਚ ਉਹ ਕੇਵਲ ਉਨ੍ਹਾਂ ਲੋਕਾਂ ਨੂੰ ਪਨਾਹ ਦੇਂਦੇ ਹਨ ਜਿਨ੍ਹਾਂ ਦਾ ਕੋਈ ਨਾ ਹੋਵੇ। ਪਰ ਮਾਂ ਦੇ ਕੇਸ ਵਿੱਚ ਤਾਂ ਐਸਾ ਨਹੀਂ ਸੀ, ਬੇਟੀ ਸੀ, ਦਾਮਾਦ ਸੀ, ਘਰ ਸੀ (ਭਾਵੇਂ ਝੁਗੀ-ਝੋਪੜੀ ਹੀ ਸਹੀ), ਮਿੱਤਰ ਜੀ ਨੇ ਪ੍ਰਭੂ ਤੇ ਭਰੋਸਾ ਰੱਖ ਕੇ ਸਿਸਟਰ ਨੂੰ ਬੇਨਤੀ ਕੀਤੀ ਕਿ ਜੇ ਹੋ ਸਕੇ ਤਾਂ, ਹਾਲਾਤ ਨੂੰ ਦੇਖਦਿਆਂ, ਮਾਂ ਲਈ exception ਕਰ ਦੇਣ ਤਾਂ ਬੜੀ ਮਿਹਰਬਾਨੀ ਹੋਵੇਗੀ। ਸਿਸਟਰ ਨੇ ਵੇਖਿਆ ਇਹ ਬੰਦਾ ਕੁਝ ਅਜੀਬ ਜਿਹਾ ਜਾਪਦਾ ਹੈ- ਆਪ ਸਿੱਖ ਹੈ, ਕੇਸ ਕਿਸੇ ਅਤਿ ਗਰੀਬ ਇਸਾਈ ਬੁੱਢੀ ਦਾ ਲੈ ਕੇ ਆਇਆ ਹੈ, ਮਨ ਤੇ ਅੱਖਾਂ ਭਰ ਕੇ ਇੱਕ ਅਜਨਬੀ ਦਾ ਕੇਸ plead ਕਰ ਰਿਹਾ ਹੈ, ਪ੍ਰਭੂ ਦਾ ਪਿਆਰਾ ਹੀ ਹੋਵੇਗਾ, ਪ੍ਰਭੂ ਜੋਤ ਨੇ ਉਸਨੂੰ ਪ੍ਰੇਰਣਾ ਦਿੱਤੀ ਤੇ ਉਸ ਕਿਹਾ, "OK Mr. Singh, we will admit the old lady as an exception." ਮਿੱਤਰ ਜੀ ਤਾਂ ਹੈਰਾਨ ਰਹਿ ਗਏ, ਇਤਨੀ ਪ੍ਰਸੰਨਤਾ ਹੋਈ ਜਿਵੇਂ ਲੱਖਾਂ ਦਾ ਖ਼ਜਾਨਾ ਮਿਲ ਗਿਆ ਹੋਵੇ। ਹੈਰਾਨ ਸਨ, ਪ੍ਰਭੂ ਨੇ ਕਿਵੇਂ ਆਪਣਾ ਕਾਰਜ ਆਪ ਕਰਾਇਆ ਉਨ੍ਹਾਂ ਨੂੰ instrument (ਸੇਵਕ) ਬਣਾ ਕੇ, ਤੇ ਖੁਸ਼ ਸਨ ਗੁਰੂ ਦੀ ਕਿਰਪਾ ਤੇ ਜਿਸਨੇ ਇਹ feeling ਨਹੀਂ ਆਉਣ ਦਿੱਤੀ ਕਿ ਇਹ ਕੰਮ 'ਮੈਂ' ਕੀਤਾ ਹੈ- *"ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ"*। ਦੂਜੇ ਦਿਨ ਹੀ ਜਾ ਕੇ ਮਾਂ ਨੂੰ ਰਿਕਸ਼ੇ ਤੇ ਬਿਠਾ ਕੇ ਲੈ ਆਏ ਤੇ ਆਸ਼ਰਮ ਵਿੱਚ ਭਰਤੀ ਕਰ ਦਿੱਤਾ। ਆਸ਼ਰਮ ਵਿੱਚ ਉਸਦੀ ਚੰਗੀ ਸੇਵਾ-ਸੰਭਾਲ ਹੁੰਦੀ ਹੈ, ਸਫ਼ਾਈ ਦਾ ਸੁੰਦਰ ਪ੍ਰਬੰਧ ਹੈ, ਲੋੜ ਪੈਣ ਤੇ ਦਵਾ-ਦਾਰੂ ਵੀ ਮਿਲਦਾ ਹੈ ਤੇ ਸਾਰੇ ਲੋਕ ਪਿਆਰ ਕਰਦੇ ਹਨ, ਇਕੋ ਪਰਿਵਾਰ ਦੇ ਮੈਂਬਰਾਂ ਵਾਂਗ ਸਾਰੇ ਇੱਕ-ਦੂਜੇ ਦੀ ਮਦਦ ਕਰਨ ਨੂੰ ਤਿਆਰ ਰਹਿੰਦੇ ਹਨ।

ਇਸ ਬੁੱਢੀ ਮਾਂ ਰਾਹੀਂ, ਮਿੱਤਰ ਜੀ ਕਹਿਣ ਲੱਗੇ, ਉਨ੍ਹਾਂ ਲਈ ਸਤਿਗੁਰਾਂ ਦੀ ਕਿਰਪਾ ਸਦਕਾ ਸੇਵਾ ਦਾ ਹੋਰ ਰਾਹ ਖੁੱਲ੍ਹ ਗਿਆ। ਹੁਣ ਉਹ ਹਰ ਐਤਵਾਰ 8 ਤੋਂ 9 ਵਜੇ (ਸਵੇਰੇ) ਉਸ ਆਸ਼ਰਮ ਵਿੱਚ ਜਾ ਕੇ ਸਾਰੇ ਨਿਵਾਸੀਆਂ ਨੂੰ ਮਿਲਦੇ, ਇਸ ਵਿੱਚ ਬੱਚੇ-ਬੱਚੀਆਂ, ਬੁੱਢੇ, ਆਦਮੀ, ਔਰਤਾਂ 60-70 ਲੋਕ ਰਹਿੰਦੇ ਹਨ। ਸਭ ਦਾ ਹਾਲ-ਚਾਲ ਪੁੱਛਣਾ, ਇੱਕ-ਇੱਕ ਨਾਲ ਗਲਬਾਤ ਕਰਨੀ, ਪ੍ਰਭੂ ਦਾ ਪਿਆਰ ਵੰਡਣਾ ਤੇ ਲੈਣਾ, ਉਨ੍ਹਾਂ ਨੂੰ ਹਸਾਣਾ, ਉਨ੍ਹਾਂ ਨਾਲ ਚੋਜ ਕਰਨੇ, ਉਨ੍ਹਾਂ ਨੂੰ ਖੁਸ਼ੀ ਦੇ ਕੇ ਖੁਸ਼ੀ ਲੈਣੀ ਪ੍ਰਭੂ ਦੀ। ਹੁਣ ਸਾਰੇ ਆਸ਼ਰਮਵਾਸੀ ਉਡੀਕਦੇ ਹਨ ਕਿ ਐਤਵਾਰ ਆਏਗਾ ਤੇ ਸਰਦਾਰ ਜੀ (ਅੰਕਲ) ਆਣਗੇ ਸਾਨੂੰ ਮਿਲਣ। ਮਿੱਤਰ ਜੀ ਨਾਲ ਉਨ੍ਹਾਂ ਦੇ 5-6 ਸਤਿਸੰਗੀ (ਜਿਨ੍ਹਾਂ ਵਿੱਚ ਜੁਆਨ ਬੱਚੇ ਵੀ ਹਨ) ਵੀ ਜਾਣ ਲਗ ਪਏ ਹਨ, ਕੋਈ ਬਿਸਕੁਟ ਤੇ ਟਾਫੀਆਂ ਵੰਡਦਾ ਹੈ, ਕਿਸੇ ਨੂੰ ਸਾੜ੍ਹੀ ਚਾਹੀਦੀ ਹੈ, ਕਿਸੇ ਨੂੰ ਚੱਪਲ ਚਾਹੀਦੀ ਹੈ, ਕਿਸੇ ਨੂੰ ਤੇਲ ਚਾਹੀਦਾ ਹੈ ਗੋਡਿਆਂ ਦੇ ਦਰਦ ਲਈ, ਇਸ ਤਰ੍ਹਾਂ ਉਹ ਸਾਰੇ ਰਲ ਕੇ ਉਨ੍ਹਾਂ ਅਨਾਥ ਲੋਕਾਂ ਦੀਆਂ ਛੋਟੀਆਂ-ਛੋਟੀਆਂ ਜਰੂਰਤਾਂ ਪੂਰੀਆਂ ਕਰ ਕੇ ਗੁਰੂ ਦੀ ਖੁਸ਼ੀ ਪ੍ਰਾਪਤ ਕਰਦੇ ਹਨ। ਕਿਸੇ ਦੀ hearing aid ਦੀ ਮਸ਼ੀਨ ਖ਼ਰਾਬ ਹੋ ਗਈ ਹੈ ਯਾ ਉਸਦੀ ਬੈਟਰੀ down ਹੋ ਗਈ ਹੈ, ਕਿਸੇ ਨੂੰ ਕੋਈ ਖਾਸ ਦਵਾ ਚਾਹੀਦੀ ਹੈ ਜੋ ਆਸ਼ਰਮ ਵਿੱਚ ਨਹੀਂ, ਇਸ ਤਰ੍ਹਾਂ ਦੇ ਅਨੇਕ ਛੋਟੇ -ਛੋਟੇ ਕੰਮ ਕਰ ਦੇਂਦੇ ਹਨ, ਸਾਰੇ ਸਤਿਸੰਗੀ ਰਲ ਕੇ। *"ਹਥਹੁ ਦੇ ਕੇ ਭਲਾ ਮਨਾਏ"* ਕਿਆ ਕਮਾਲ ਦੀ ਗੁਰੂ ਨੇ ਸਿੱਖ ਨੂੰ ਪੜ੍ਹਾਈ ਸਿਖਲਾਈ ਹੈ, ਬਸ ਰੱਤੀ ਕੁ ਅਮਲ ਕਰਦੇ ਹਾਂ ਤਾਂ ਕਿਤਨਾ ਕਮਾਲ ਅਨੰਦ ਮਿਲਦਾ ਹੈ।

ਮਿੱਤਰ ਜੀ ਨੇ ਹੋਰ ਦੱਸਿਆ ਕਿ ਆਸ਼ਰਮ ਵਿੱਚ ਇੱਕ ਹੋਰ ਬਦਕਿਸਮਤ Anglo-Indian (ਅੰਗਰੇਜ਼ੀ ਬੋਲਣ ਵਾਲੀ) ਬੁੱਢੀ ਆਈ, Mrs. Rodericks, ਜਿਸਦਾ ਬੇਟਾ ਵੀ ਹੈ, ਇੱਕ ਬੇਟੀ ਵੀ ਹੈ ਇਸ ਸ਼ਹਿਰ ਵਿੱਚ, ਪਰ ਦੁਹਾਂ 'ਚੋਂ ਕੋਈ ਵੀ ਮਾਂ ਨੂੰ ਆਪਣੇ ਕੋਲ ਰੱਖਣ ਨੂੰ

ਤਿਆਰ ਨਹੀਂ। ਇੱਕ ਦਿਨ ਐਸਾ ਆਇਆ ਕਿ ਉਹ ਸੜਕ ਤੇ ਆ ਗਈ, ਕਿਸੇ ਨੇ ਦਇਆ ਕਰ ਉਸਨੂੰ ਇਸ ਆਸ਼ਰਮ ਵਿੱਚ ਲੈ ਆਂਦਾ। ਜਦੋਂ ਨਵੀਂ-ਨਵੀਂ ਆਈ ਸੀ, ਉਦਾਸ ਰਹਿੰਦੀ ਸੀ, ਉਸਦੇ ਮੁਰਝਾਏ ਚੇਹਰੇ ਨੂੰ ਵੇਖ ਮਿੱਤਰ ਜੀ ਅੰਦਰ ਦਇਆ ਜਾਗ ਪੈਣੀ, ਉਨ੍ਹਾਂ ਉਸ ਕੋਲ ਬੈਠ ਕੇ ਕਹਿਣਾ- "Mother why are you worried? Am I not your son? Whenever you need anything, please feel free to order me, I shall feel obliged by helping you." ਮੁਰਝਾਏ ਚੇਹਰੇ ਤੇ ਚਮਕ ਆ ਜਾਣੀ, ਦੁਖੀ ਹਿਰਦੇ ਨੂੰ ਪ੍ਰਭੂ-ਪਿਆਰ ਦੀ ਛੋਹ ਨੇ ਠੰਢ ਪੁਚਾ ਕੇ ਸੁਖੀ ਕਰ ਦੇਣਾ। ਨਿਸ਼ਕਾਮ ਪਿਆਰ ਨੇ ਓਪਰੇ ਮਨ ਦੀ ਦੀਵਾਰ ਤੋੜ ਦਿੱਤੀ, ਹੁਣ ਕਈ ਵਾਰ ਆਪ ਕਹਿੰਦੀ ਮੇਰਾ ਇਹ ਕੰਮ, ਉਹ ਕੰਮ ਕਰ ਦਿਓ, ਇੱਕ ਵਾਰੀ ਆਪਣੀ ਭੈਣ (ਜੋ Australia ਵਿੱਚ ਹੈ) ਦੇ ਨਾਂ ਚਿੱਠੀ ਲਿਖਵਾਈ ਕਿਉਂਕਿ ਅੱਖਾਂ ਦੀ ਰੋਸ਼ਨੀ ਘਟ ਜਾਣ ਕਰਕੇ ਆਪ ਨਹੀਂ ਲਿਖ ਸਕਦੀ। ਮਿੱਤਰ ਜੀ ਉਸਦੇ ਕੰਮ ਕਰਕੇ ਤੇ ਉਸ ਦਾ ਪਿਆਰ ਪਾ ਕੇ ਖੁਸ਼ ਹੁੰਦੇ। ਇੱਕ ਦਿਨ ਉਸ ਕਿਹਾ, "ਬੇਟੇ, ਮੇਰਾ Passport ਬਣਵਾ ਦੋ।" ਇਹ ਤਾਂ ਮੁਸ਼ਕਲ ਕੰਮ ਸੀ, ਸਮਾਂ ਤੇ ਭੱਜ-ਦੌੜ ਦੀ ਲੋੜ ਸੀ, ਸੁ ਹਮੇਸਾਂ ਦੀ ਤਰ੍ਹਾਂ ਉਨ੍ਹਾਂ ਦੀ ਪੁਕਾਰ ਤੇ ਪ੍ਰਭੂ ਨੇ ਰਾਹ ਸੁਝਾਇਆ। ਇੱਕ ਦਿਨ ਕਿਤੇ ਬੈਠੇ ਸਤਿਸੰਗ ਲਈ ਤੇ ਇਹ ਚਰਚਾ ਛਿੜ ਪਈ (ਪ੍ਰਭੂ ਦੀ planning), ਇੱਕ ਗੁਰੂ ਪਿਆਰਾ ਕਹਿਣ ਲਗਾ, "ਇਹ ਕੋਈ ਕੰਮ ਹੈ, I will get this done." ਸੁ ਤਿੰਨ ਕੁ ਮਹੀਨਿਆਂ ਅੰਦਰ ਪਾਸਪੋਰਟ ਬਣ ਕੇ ਆ ਗਿਆ। (ਬਗੈਰ ਕਿਸੇ ਪੁਲੀਸ enquiry ਦੇ)। Mrs. Roderics ਵਾਰ-ਵਾਰ ਧੰਨਵਾਦ ਕਰੇ ਮਿੱਤਰ ਜੀ ਦਾ ਤੇ ਉਹ ਹੈਰਾਨ ਹੋ ਕੇ ਪੁੱਛਣ ਗੁਰੂ ਸਾਹਿਬ ਨੂੰ- "ਸਤਿਗੁਰ ਜੀਓ ਆਪ ਚੰਗੀ ਤਰ੍ਹਾਂ ਜਾਣਦੇ ਹੋ ਕਿ ਮੈਂ ਕੁਛ ਵੀ ਨਹੀਂ ਕੀਤਾ (I haven't done a thing), ਸਾਰਾ ਕੁਝ ਆਪ ਨੇ ਕਰਵਾਇਆ, ਇਸ ਵਿੱਚ ਮੇਰੀ ਵਾਹ-ਵਾਹ ਕਿਉਂ ਹੋ ਰਹੀ ਹੈ।" ਸਤਿਗੁਰਾਂ ਨੇ ਅੰਦਰੋਂ ਹੀ ਜੁਆਬ ਦਿੱਤਾ- ਨਿਮਾਣਿਆਂ ਨੂੰ ਮਾਣ ਦੇਣਾ ਇਹ ਉਸਦਾ ਸੁਭਾਅ ਹੈ। ਤੂੰ ਸ਼ੁਕਰ ਕਰ, ਮੇਰੇ ਰਾਹੀਂ ਪ੍ਰਭੂ ਨੇ ਤੇਰੇ ਤੇ ਰਹਿਮਤ ਕੀਤੀ ਹੈ, ਤੇਨੂੰ ਜੀਵਨ-ਜਾਚ ਸਿਖਾਈ ਹੈ *"ਜੀਵਨੋ ਮੈ ਜੀਵਨ ਪਾਇਆ ਗੁਰਮੁਖਿ ਭਾਏ ਰਾਮ"*, ਗੁਰੂ ਦੇ ਹੁਕਮਾਂ ਤੇ ਜ਼ਿੰਦਗੀ ਢਾਲਣ ਦੀ, ਉਸਦੀ ਕਿਰਪਾ ਸਦਕਾ, ਤੂੰ ਕੁਝ ਅਮਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਸੁ ਸੁਭਾਵਿਕ ਹੈ- *"ਸੱਚੇ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ*, ਇਸ ਵਿੱਚ ਹੈਰਾਨੀ ਦੀ ਕੋਈ ਗੱਲ ਨਹੀਂ। ਪਰ ਤੂੰ ਚੇਤੰਨ ਰਹੀਂ, ਕਿਤੇ ਭੁਲ ਕੇ ਵੀ ਇਸ ਵਾਹ-ਵਾਹ ਨੂੰ ਆਪਣਾ ਮਾਲ ਨਾ ਬਣਾ ਬੈਠੀਂ, ਡੁੱਬ ਜਾਏਂਗਾ, ਹਰ ਵੇਲੇ ਇਹ ਯਾਦ ਰਖੀਂ, ਆਪਣੀ ਪੜ੍ਹਾਈ- *"ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ"*।

ਮਿੱਤਰ ਜੀ ਇਹ ਵਾਰਤਾ ਸੁਣਾਂਦਿਆਂ ਅਖੀਰ ਵਿੱਚ ਕਹਿਣ ਲਗੇ ਆਉ, ਤੁਹਾਨੂੰ ਹਿੰਦੀ ਵਿੱਚ ਕਿਸੇ ਪ੍ਰਭੂ ਪਿਆਰੇ ਦੀਆਂ ਲਿਖੀਆਂ ਲਾਈਨਾਂ ਸੁਣਾਂਦਾ ਹਾਂ (ਕਈ ਲੋਕ ਇਸਨੂੰ ਭੁਲੇਖੇ ਵਿੱਚ, ਕੱਚੀ ਬਾਣੀ ਕਹਿ ਕੇ ਕੰਨ ਬੰਦ ਕਰ ਲੈਂਦੇ ਹਨ) ਜੋ ਗੁਰੂ ਸਾਹਿਬਾਨ ਦੁਆਰਾ ਦਸੇ ਸੇਵਾ-ਸਿਮਰਨ ਦੇ ਮਾਰਗ ਦਾ ਖੁਲਾਸਾ ਹੈ, ਆਪ ਸਮਾਨਤਾ (similarity) ਦੇਖ ਕੇ ਹੈਰਾਨ ਰਹਿ ਜਾਉਗੇ, ਪਰ ਹੈਰਾਨੀ ਵਾਲੀ ਕੋਈ ਗੱਲ ਨਹੀਂ ਕਿਉਂਕਿ ਸੱਚ ਇੱਕ ਹੈ ਜਿਸਨੇ ਵੀ ਪਛਾਣ ਲਿਆ, ਉਹੀ ਦੱਸੇਗਾ ਜੋ ਗੁਰੂ ਸਾਹਿਬ ਨੇ ਦੱਸਿਆ ਹੈ, ਅੰਤਰ ਹੋਣ ਦਾ ਮਤਲਬ ਕੋਈ ਨਹੀਂ, ਇਹ ਵੱਖਰੀ ਗੱਲ ਹੈ ਕਿ ਅਗਿਆਨਤਾ ਕਾਰਣ ਅਸੀਂ ਭਟਕ ਜਾਂਦੇ ਹਾਂ। ਸੁਣੋ :

"ਅਪਨੇ ਦੁਖ ਮੇਂ ਰੋਨੇ ਵਾਲੇ ਮੁਸਕੁਰਾਨਾ ਸੀਖ ਲੇ।
ਦੂਸਰੋਂ ਕੇ ਦਰਦ ਪੇ ਆਂਸੂ ਬਹਾਨਾ ਸੀਖ ਲੇ।
ਜੋ ਖਿਲਾਨੇ ਮੇਂ ਮਜ਼ਾ ਹੈ ਆਪ ਖਾਨੇ ਮੇਂ ਨਹੀਂ।
ਜ਼ਿੰਦਗੀ ਮੇਂ ਦੂਸਰੋਂ ਕੇ ਕਾਮ ਆਨਾ ਸੀਖ ਲੇ।
ਅਪਨੇ ਦੁਖ ਮੇਂ ਰੋਨੇ ਵਾਲੇ ਮੁਸਕੁਰਾਨਾ ਸੀਖ ਲੇ।
ਕਰ ਗਰੀਬੋਂ ਕਾ ਭਲਾ ਔਰ ਬਦਨਸੀਬੋਂ ਪੇ ਰਹਮ।
ਸੇਵਾ ਮੇਂ ਭਗਵਾਨ ਹੈ ਤੂੰ ਦਰਦ ਪਾਨਾ ਸੀਖ ਲੇ।
ਅਪਨੇ ਦੁਖ ਮੇਂ ਰੋਨੇ ਵਾਲੇ ਮੁਸਕੁਰਾਨਾ ਸੀਖ ਲੇ।
ਕਾਮ ਤੇਰਾ ਹੋ ਭਲਾਈ ਮੁਖ ਮੇਂ ਤੇਰੇ ਗਮ ਹੋ।
ਬਸ ਇਸੀ ਜੀਵਨ ਮੇਂ ਤੂੰ ਜੀਵਨ ਬਿਤਾਨਾ ਸੀਖ ਲੇ।
ਅਪਨੇ ਦੁਖ ਮੇਂ ਰੋਨੇ ਵਾਲੇ ਮੁਸਕੁਰਾਨਾ ਸੀਖ ਲੇ।"

ਸੈਰ ਖਤਮ ਹੋ ਚੁੱਕੀ ਸੀ, ਸਾਡੇ ਵਿਛੜਨ ਦਾ ਸਮਾਂ ਆ ਗਿਆ ਸੀ। ਮੈਂ ਕਿਹਾ, ਵੀਰ ਜੀ ਆਪ ਦਾ ਧੰਨਵਾਦੀ ਹਾਂ ਕਿ ਆਪਨੇ ਕਿਰਪਾ ਕਰਕੇ ਸੰਗਤ ਬਖਸ਼ੀ, ਹੁਣ ਮੇਰੇ ਲਈ ਅਰਦਾਸ ਕਰਨੀ ਕਿ ਮੈਂ ਵੀ ਮਿੱਤਰ ਜੀ ਵਾਂਗ ਤੇ ਆਪ ਵਾਂਗ "ਗੁਰਸਿਖੀ ਦਾ ਕਰਮ ਇਹ ਗੁਰ ਫੁਰਮਾਇ ਗੁਰਸਿਖ ਕਰਣਾ" ਤੇ ਅਮਲ ਕਰ ਕੇ ਨਾਮ ਤੇ ਅਧਾਰਿਤ ਉਹ ਜੀਵਨ ਜਾਚ ਜੀਅ ਸਕਾਂ ਜਿਸ ਨਾਲ ਲੋਕ ਸੁਖੀ ਤੇ ਪਰਲੋਕ ਸੁਹੇਲਾ ਹੋ ਸਕਦਾ ਹੈ।

# ਰਾਗ ਰਤਨ - ਭਾਈ ਕਰਮ ਸਿੰਘ ਰਤਨ

ਡਾ. ਗੁਰਮੀਤ ਸਿੰਘ ਬੈਦਵਾਣ ★

ਕੀਰਤਨ ਭਗਤੀ ਦਾ ਸਭ ਤੋਂ ਉੱਤਮ ਸਾਧਨ ਹੈ। ਇਹ ਬ੍ਰਹਿਮੰਡ ਨਾਦ ਹੈ ਅਤੇ ਖੁਦ ਸੰਗੀਤ ਸਰੂਪ ਹੈ। ਅਜਿਹੇ ਵਿਚਾਰ ਹਨ ਲੰਮੀ ਕਰਮ ਸਾਧਨਾਂ ਵਾਲੇ ਉੱਘੇ ਕੀਰਤਨੀਏ ਭਾਈ ਕਰਮ ਸਿੰਘ ਰਤਨ ਜੀ ਦੇ। ਭਾਈ ਕਰਮ ਸਿੰਘ ਰਤਨ ਗਿਆਨੀ ਰਣਜੀਤ ਸਿੰਘ ਮਸਕੀਨ ਦੇ ਘਰ 28 ਦਸੰਬਰ 1937 ਨੂੰ ਪਿੰਡ ਜਫਾਪੁਰ ਜਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) ਵਿਖੇ ਪੈਦਾ ਹੋਏ। ਅੱਜ ਕੱਲ ਆਪ ਲੁਧਿਆਣੇ ਵਿਖੇ ਰਹਿ ਰਹੇ ਹਨ। ਰਾਗ ਵਿੱਦਿਆ ਆਪ ਨੂੰ ਬਚਪਨ ਵਿੱਚ ਹੀ ਮਿਲਣੀ ਅਰੰਭ ਹੋ ਗਈ ਸੀ ਕਿਉਂਕਿ ਆਪ ਦਾ ਪਿਤਾ ਪੁਰਖੀ ਕਿੱਤਾ ਖੇਤੀਬਾੜੀ ਦੇ ਨਾਲ ਨਾਲ ਰਾਗੀ ਤੇ ਕੀਰਤਨੀਆਂ ਵਾਲਾ ਸੀ। ਘਰ ਵਿੱਚ ਅਜਿਹਾ ਮਹੌਲ, ਪਹਿਲਾਂ ਹੀ ਹੋਣ ਕਰਕੇ ਆਪ ਦੀ ਲਗਨ ਕੀਰਤਨ ਵਿੱਚ ਜਾ ਜੁੜੀ। ਫਲਸਰੂਪ ਆਪ ਨੇ ਪ੍ਰਯਾਗ ਸੰਮਤੀ ਅਲਾਹਾਬਾਦ ਯੂਨੀਵਰਸਿਟੀ ਤੋਂ ਸੰਗੀਤ ਦੀ ਬੈਚੂਲਰ ਡਿਗਰੀ ਪਹਿਲੇ ਦਰਜੇ ਵਿੱਚ ਹਾਸਿਲ ਕੀਤੀ। ਭਾਈ ਕਰਮ ਸਿੰਘ ਰਤਨ ਦਾ ਕਹਿਣਾ ਹੈ ਕਿ ਪਿਤਾ ਜੀ ਤੋਂ ਬਾਅਦ ਭਾਵੇਂ ਭਾਈ ਕ੍ਰਿਪਾਲ ਸਿੰਘ ਪਟਿਆਲੇ ਵਾਲੇ ਅਤੇ ਭਾਈ ਸੰਤੋਖ ਸਿੰਘ ਅੰਬਾਲੇ ਵਾਲਿਆਂ ਨੇ ਉਨ੍ਹਾਂ ਦੀ ਪੂਰਨ ਰਾਗੀ ਬਣਨ ਵਿੱਚ ਮਦਦ ਕੀਤੀ ਤੇ ਸਿੱਖਿਆ ਦਿੱਤੀ ਪਰ ਇਹ ਸਿੱਖਿਆ ਤਾਂ ਹਾਲੇ ਵੀ ਚਲ ਰਹੀ ਹੈ ਇਹ ਖ਼ਤਮ ਨਹੀਂ ਹੋਂਦੀ ਪਈ।

ਸਿੱਖਿਆ ਦੇ ਮੰਤਵ ਤੋਂ ਕਿੰਨਾ ਸੁਹਣਾ ਵਿਚਾਰ ਹੈ ਭਾਈ ਸਾਹਿਬ ਦਾ ਕਿਉਂਕਿ ਜੇ ਰਿਆਜ਼ ਹੈ ਤਾਂ ਸਾਜ਼ ਹੈ ਤੇ ਆਵਾਜ਼ ਹੈ ਨਹੀਂ ਤਾਂ ਸਭ ਪਾਜ ਹੈ।

ਵੱਖ-ਵੱਖ ਪ੍ਰਸਿੱਧ ਰਾਗੀਆਂ ਦਾ ਸੰਗ ਮਾਣਦਿਆਂ ਭਾਈ ਸਾਹਿਬ ਨੇ 1969 ਵਿੱਚ ਆਪਣੀ ਪ੍ਰਤਿਭਾ ਦੇ ਸਹਾਰੇ ਆਪਣਾ ਰਾਗੀ ਜਥਾ ਬਣਾਇਆ। ਆਪ ਦੀ ਅਗਵਾਈ ਵਿੱਚ ਜਥੇ ਨੇ ਐਸਾ ਰਾਗ ਰੰਗ ਬੰਨ੍ਹਿਆ ਕਿ ਆਪ ਨੂੰ ਕਈ ਵੱਡੇ ਤੇ ਇਤਿਹਾਸਿਕ ਗੁਰ ਅਸਥਾਨਾਂ ਤੇ ਕੀਰਤਨ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਦਰਬਾਰ ਸਾਹਿਬ, ਤਰਨਤਾਰਨ, ਮੁਕਤਸਰ ਸਾਹਿਬ, ਫਤਹਿਗੜ੍ਹ ਸਾਹਿਬ ਸਰਹਿੰਦ, ਦੁਖ ਨਿਵਾਰਨ ਸਾਹਿਬ ਪਟਿਆਲਾ ਅਤੇ ਸ੍ਰੀ ਪਟਨਾ ਸਾਹਿਬ ਆਦਿ ਵਿਖੇ ਕੀਰਤਨ ਦੀ ਅੰਮ੍ਰਿਤ ਵਰਖਾ ਕਰਦੇ ਰਹੇ। ਕੀਰਤਨ ਦੇ ਖੇਤਰ ਵਿੱਚ ਉਹਨਾਂ ਦਾ ਅਜਿਹਾ ਵਿਸ਼ਾਲ ਤਜ਼ਰਬਾ ਹੈ ਕਿ ਉਹ ਅਜੇ ਵੀ 200 ਦੇ ਕਰੀਬ ਰਾਗ ਪੰਝੀ ਤੀਹ ਤਾਲਾਂ ਵਿੱਚ ਗਾ ਸਕਦੇ ਹਨ। ਵਿਦੇਸ਼ਾਂ ਵਿੱਚ ਉਹਨਾਂ ਦੇ ਕੀਰਤਨ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਉਹਨਾਂ ਨੇ ਲਾਹੌਰ, ਥਾਈਲੈਂਡ ਮਲੇਸ਼ੀਆ, ਬੈਂਕੌਕ, ਫਰਾਂਸ, ਹਾਲੈਂਡ, ਜਰਮਨ ਅਤੇ ਬੈਲਜੀਅਮ ਆਦਿ ਮੁਲਕਾ ਵਿੱਚ ਆਪਣੇ ਕੀਰਤਨ ਰਾਹੀਂ ਸੰਗਤਾਂ ਨੂੰ ਮੰਤਰ ਮੁਗਧ ਕੀਤਾ ਹੈ। ਸਿੰਘਾਪੁਰ ਵਿੱਚ ਰੇਡੀਓ ਤੋਂ ਕੀਰਤਨ ਕਰਨ ਵਾਲਾ ਉਹਨਾਂ ਦਾ ਪਹਿਲਾਂ ਪੰਜਾਬੀ ਜਥਾ ਹੈ।

ਗੁਰਮਤਿ ਸੰਗੀਤ ਦੀ ਰਮਣੀਕ ਸ਼ੈਲੀ ਵਿੱਚ ਨਵੇਂ-ਨਵੇਂ ਪ੍ਰਯੋਗ ਕਰਦਿਆਂ ਆਪ ਨੇ ਰਾਗ ਕਲਾ ਵਿੱਚ ਕਈ ਮਾਅਰਕੇ ਮਾਰੇ ਹਨ। ਆਪ ਦੀ ਕਲਾ ਕੌਸ਼ਲਤਾ ਦੀ ਪਰਖ ਕਰਦਿਆਂ ਕਈ ਪਾਰਖੂ ਨਜ਼ਰਾਂ ਆਪ ਦਾ ਮਾਨ ਸਨਮਾਨ ਉਚੇਚੇ ਤੌਰ ਤੇ ਕਰਦੀਆਂ ਰਹੀਆਂ, ਕਲਾ ਦੇ ਮਹਾਨ ਕੁੰਭ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਕਲਾਂ, ਲੁਧਿਆਣਾ ਵੱਲੋਂ ਵਿਸ਼ੇਸ਼ ਸਨਮਾਨ ਅਤੇ ਭਾਈ ਮਰਦਾਨਾ ਪੁਰਸਕਾਰ ਫਿਰੋਜ਼ਪੁਰ 1995 ਆਪ ਨੂੰ ਪ੍ਰਾਪਤ ਹੋਇਆ। ਮਾਨ ਸਨਮਾਨਾਂ ਬਾਰੇ ਉਹਨਾਂ ਦਾ ਕਹਿਣਾ ਹੈ ਕਿ ਇਹ ਤਾਂ ਚਲੋ ਕਿਸੇ ਵਧੀਆ ਕਾਰਗੁਜਾਰੀ ਬਦਲੇ ਕਦੇ ਕਦਾਂਈ ਮਿਲ ਹੀ ਜਾਂਦੇ ਹਨ। ਉਹ ਭਾਈ ਮਾਨ ਸਿੰਘ ਪੰਛੀ, ਭਾਈ ਕ੍ਰਿਪਾਲ ਸਿੰਘ ਰਾਗੀ ਪਟਿਆਲਾ, ਭਾਈ ਉਤਮ ਸਿੰਘ ਪਤੰਗ, ਭਾਈ ਸੰਤੋਖ ਸਿੰਘ ਅੰਬਾਲਾ, ਭਾਈ ਸਮੁੰਦ ਸਿੰਘ ਰਾਗੀ, ਭਾਈ ਬਹਾਦੁਰ ਸਿੰਘ ਜਲੰਧਰ ਆਦਿ ਦਾ ਬਹੁਤ ਸਤਿਕਾਰ ਕਰਦੇ ਹਨ ਜਿਹਨਾਂ ਦਾ ਗੁਰਮਤਿ ਸੰਗੀਤ ਖੇਤਰ ਵਿੱਚ ਉੱਘਾ ਯੋਗਦਾਨ ਹੈ। ਅਸਲ ਵਿੱਚ ਇਹਨਾਂ ਵੱਲੋਂ ਚਲਾਈ ਕੀਰਤਨ ਲਹਿਰ ਨੇ ਹੀ ਅਨੇਕਾਂ ਰਾਗੀ ਤੇ ਕੀਰਤਨੀਏ ਪੈਦਾ ਕੀਤੇ ਹਨ। ਦੂਜਿਆਂ ਦਾ ਸਨਮਾਨ ਕਰਨ ਵਾਲੇ ਭਾਈ ਕਰਮ ਸਿੰਘ ਰਤਨ ਆਪ ਵੀ ਕਿਸੇ ਰਾਗ ਰਤਨ ਤੋਂ ਘੱਟ ਨਹੀਂ ਜਾਪਦੇ।

ਕੀਰਤਨ ਬਾਰੇ ਭਾਈ ਕਰਮ ਸਿੰਘ ਰਤਨ ਜੀ ਬਹੁਤ ਹੀ ਸੰਜੀਦਾ ਸੋਚ ਰੱਖਦੇ ਹਨ। ਉਹਨਾਂ ਦਾ ਵਿਸਵਾਸ਼ ਹੈ ਕਿ ਕੀਰਤਨ ਵਿੱਚ ਜਿੰਨੀ ਮਧੁਰਤਾ ਤੇ ਮਿਠਾਸ ਹੋਵੇਗੀ ਉਨੀ ਹੀ ਕਲਾ ਨਿਖਰੇਗੀ। ਸੁਣਨ ਵਾਲੇ ਝੂਮ ਜਾਣ। ਸੰਗਤ ਨੂੰ ਰਸ ਆਵੇ, ਸ਼ਾਂਤੀ ਵਰਤ ਜਾਵੇ ਬਸ ਇਹੋ ਰਾਗ ਕਲਾ ਹੈ।

★ ਪਿੰਡ ਬਾਸੀਆਂ ਬੈਦਵਾਣ, ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ

# ਇੱਕੀਵੀਂ ਸਦੀ ਵਿੱਚ ਸਿੱਖ ਲੀਡਰਸ਼ਿਪ

**ਭਗਵੰਤ ਸਿੰਘ ਦਲਾਵਰੀ ★**

ਵੀਹਵੀਂ ਸਦੀ ਨੇ ਜਿੱਥੇ ਇੱਕ ਪਾਸੇ ਸਿੱਖੀ ਕਦਰਾਂ-ਕੀਮਤਾਂ ਤੇ ਬਲੀਦਾਨਾਂ ਦਾ ਮਹਾਨ ਸਮਾਂ ਵੇਖਿਆ ਉੱਥੇ ਸਿੱਖ ਲੀਡਰਸ਼ਿਪ ਦੀ ਘੋਰ ਗਿਰਾਵਟ ਦੀ ਦੁਰਦਸ਼ਾ ਵੀ ਤੱਕੀ। ਪਿਛਲੀਆਂ ਉਪਲਬਧੀਆਂ ਛੱਡ ਕੇ, ਮੈਂ ਮੌਜੂਦਾ ਹਾਲਾਤ ਨੂੰ ਗਹੁ ਨਾਲ ਵਿਚਾਰਨ ਦੀ ਕੋਸ਼ਿਸ਼ ਕਰਾਂਗਾ, ਤੇ ਅਸੀਂ ਭੈੜੀ, ਸੁਆਰਥੀ, ਅਤਿ ਭ੍ਰਿਸ਼ਟ, ਅਧਾਰਮਕ ਤੇ ਅਨੈਤਿਕ ਲੀਡਰਸ਼ਿਪ- ਜਿਸ ਨੇ ਨਿਸ਼ਕਾਮ ਸੇਵਾ ਤੇ ਤਿਆਗ ਦੀਆਂ ਕਦਰਾਂ ਵਾਲੀ ਸਿੱਖੀ ਸਪਿਰਟ ਨੂੰ ਖਤਮ ਕਰ ਦਿੱਤਾ ਹੈ- ਤੋਂ ਕਿਵੇਂ ਪਿੱਛਾ ਛੁਡਾ ਸਕਦੇ ਹਾਂ, ਬਾਰੇ ਵੀ ਵਿਚਾਰ ਰੱਖਾਂਗਾ। ਸਾਡੀ ਲੀਡਰਸ਼ਿਪ ਦੀ ਗਿਰਾਵਟ ਹੋਰ ਵਧ ਜਾਂਦੀ ਹੈ ਜਦੋਂ ਉਹ ਆਪਣੇ ਕੁਕਰਮਾਂ ਕਰੈਕਟਰ ਦੀ ਘਾਟ ਤੇ ਨਿੱਜੀ ਲਾਭ ਲਈ ਸਭ ਤੋਂ ਵੱਧ ਬੋਲੀ ਦੇਣ ਵਾਲੇ ਅੱਗੇ ਪੰਥ ਤੇ ਸਿੱਖੀ ਤੱਕ ਨੂੰ ਵੇਚਣ ਦੇ ਇਰਾਦਿਆਂ ਨੂੰ ਬਾਹਰਲੇ ਤਮਾਸ਼ਿਆਂ ਹੇਠ ਛੁਪਾਣਾ ਚਾਹੁੰਦੀ ਹੈ।

ਜਦੋਂ ਅਸੀਂ ਲੀਡਰਸ਼ਿਪ ਦੀ ਗੱਲ ਕਰਦੇ ਹਾਂ, ਇਸ ਵਿੱਚ ਹਰ ਖੇਤਰ- ਰਾਜਨੀਤਕ, ਧਾਰਮਕ, ਸਮਾਜੀ, ਨੈਤਿਕ ਤੇ ਅਧਿਆਤਮਕ ਸਾਰੇ ਪੱਖ ਆ ਜਾਂਦੇ ਹਨ। ਬਾਕੀ ਖੇਤਰਾਂ ਦੀ ਚਰਚਾ ਵੱਧ ਸਿਆਣੇ ਵਿਦਵਾਨਾਂ ਲਈ ਛੱਡ, ਮੈਂ ਕੇਵਲ ਧਾਰਕਮ ਤੇ ਅਧਿਆਤਮਕ ਲੀਡਰਸ਼ਿਪ ਦੇ ਰੋਲ ਤੇ ਸਾਡੇ ਲੀਡਰਾਂ ਦੇ ਪੂਰਨ ਸ਼ਰਮਿੰਦਾ ਕਰਨ ਵਾਲੇ ਕਾਰਨਾਮਿਆਂ ਦੀ ਚਰਚਾ ਕਰਾਂਗਾ। ਹੋਣਾ ਤਾਂ ਇਹ ਚਾਹੀਦਾ ਸੀ ਕਿ ਗੁਰੂ ਨਾਨਕ, ਬਾਕੀ ਗੁਰੂ ਸਾਹਿਬਾਨ ਤੇ ਗੁਰੂ ਗ੍ਰੰਥ ਸਾਹਿਬ ਦੁਆਰਾ ਪ੍ਰਗਟਾਈ ਜਾ ਰਹੀ ਸਾਡੀ ਧਾਰਮਕ ਫਿਲਾਸਫੀ- ਪੂਰਨ ਸਾਂਝਾਪਨ, ਉੱਚ ਨੈਤਿਕਪੁਣਾ, ਸੁੱਚਤਾ ਦੇ ਅਧਾਰ ਤੇ ਅਸੀਂ ਸਾਰੀ ਦੁਨੀਆਂ ਨੂੰ ਰਾਹ ਵਿਖਾਂਦੇ, ਪਰ ਇਹ ਤਾਂ ਹੀ ਸੰਭਵ ਸੀ ਜੇ ਆਪ ਪਹਿਲਾਂ ਇਨ੍ਹਾਂ ਤੇ ਅਮਲ ਕੀਤਾ ਹੁੰਦਾ। ਆਉ, ਚੇਤੇ ਕਰੀਏ ਆਪਣੀ ਪੜ੍ਹਾਈ :

1. ਸਾਰੀ ਮਨੁੱਖਤਾ ਨੂੰ ਇੱਕੋ ਜਾਤ ਦਾ ਸਮਝਣਾ, ਮੰਨਣਾ।

2. ਸਾਰੀ ਅਧਿਆਤਮਕਤਾ ਦਾ ਸਨਮਾਨ ਤੇ ਕਰਮਕਾਂਡੀ ਭਗਤੀ ਨੂੰ ਛੱਡ ਅੰਦਰਲੀ ਭਗਤੀ ਤੇ ਜ਼ੋਰ।

3. ਜਾਤ-ਪਾਤ, ਧਰਮ, ਨਸਲ, ਖੇਤਰ ਦੇ ਬਗੈਰ ਕਿਸੇ ਵਿਤਕਰੇ ਦੇ ਨਿਸ਼ਕਾਮ ਸੇਵਾ ਭਾਵਨਾ ਨਾਲ ਸਾਰੀ ਮਨੁੱਖ ਜਾਤੀ ਦੀ ਸੇਵਾ ਕਰਨੀ।

4. ਜਾਤ-ਰਹਿਤ ਸਮਾਜ, ਇਸਤ੍ਰੀ ਦਾ ਸਨਮਾਨ ਤੇ ਲੰਗਰ ਦਾ ਪ੍ਰਵਾਹ ਚਲਾਣਾ।

5. ਮੀਰੀ-ਪੀਰੀ, ਅਰਥਾਤ ਅਧਿਆਤਮਿਕਤਾ ਨੂੰ ਦੁਨੀਆਂਦਾਰੀ ਤੋਂ ਉਪਰ ਮੰਨਣਾ-ਜਾਣਨਾ, ਦੁਨੀਆਂ ਵਿੱਚ ਰਹਿਣਾ ਹੈ ਪਰ ਫਸਣਾ ਨਹੀਂ।

6. ਭ੍ਰਿਸ਼ਟਾਚਾਰ ਤੇ ਪਾਪਾਂ ਰਹਿਤ ਜੀਵਨ ਸੇਧ ਦੁਆਰਾ ਮਰਜੀਵੜੇ ਗੁਰਸਿੱਖ ਪੈਦਾ ਕਰਨੇ ਜੋ 1699 ਦੀ ਵਿਸਾਖੀ ਵਾਲੇ ਖਾਲਸੇ ਦਾ ਜੀਵਨ ਪੇਸ਼ ਕਰਨ।

7. ਪੂਰਨ ਸਮਾਨਤਾ ਦਰਸਾਣੀ ਤੇ ਅਖੌਤੀ ਨੀਵੀਂ ਜਾਤ ਦੇ ਨਾਮ-ਰਸੀਏ ਗੈਰਸਿੱਖ ਭਗਤਾਂ ਨੂੰ ਆਦਿ ਗ੍ਰੰਥ ਵਿੱਚ ਬਿਠਾ ਕੇ ਪੂਰਨ ਇਕਮਿਕਤਾ ਪ੍ਰਗਟਾਣੀ।

8. ਆਦਿ ਗ੍ਰੰਥ ਨੂੰ ਗੁਰੂ (ਗ੍ਰੰਥ ਸਾਹਿਬ) ਬਣਾਉਣ ਦਾ ਗੁਰੂ ਗੋਬਿੰਦ ਸਿੰਘ ਜੀ ਦਾ ਬਾਕਮਾਲ ਫ਼ੈਸਲਾ ਤੇ ਇਸ ਰਾਹੀਂ ਸਾਡੇ ਸਿਧਾਂਤਾਂ ਦੀ ਸਦੀਵੀ ਸੁੱਚਤਾ ਕਾਇਮ ਰੱਖਣੀ।

9. 24 ਘੰਟੇ ਪ੍ਰਭੂ ਦਾ ਸਿਮਰਨ, ਸਭ ਨਾਲ ਪਿਆਰ, ਕਿਸੇ ਨਾਲ ਵੀ ਨਫਰਤ ਨਹੀਂ ਕਰਨੀ।

10. ਸਾਡੇ ਸਭ ਤੋਂ ਮਹਾਨ ਅਸਥਾਨ, ਹਰਿਮੰਦਰ ਸਾਹਿਬ ਦੀ ਨੀਂਹ ਇੱਕ ਮੁਸਲਿਮ ਪੀਰ, ਹਜਰਤ ਮੀਆਂ ਮੀਰ ਦੁਆਰਾ ਰੱਖਣੀ।

ਹੁਣ ਵੇਖੀਏ, ਅਸਾਂ ਕੀ ਕੀਤਾ ਤੇ ਸਾਡੇ ਲੀਡਰਾਂ ਨੇ ਆਜ਼ਾਦੀ ਤੋਂ ਬਾਅਦ ਕਿਵੇਂ ਮਨਮਰਜ਼ੀ ਨਾਲ ਸਾਨੂੰ ਵਰਤਿਆ ਹੈ। ਆਪਣੀ ਕਰਨੀ ਤੇ ਮਾਣ ਕਰਨ ਲਾਇਕ ਸਾਡੇ ਕੋਲ ਕੁਝ ਵੀ ਤਾਂ ਨਹੀਂ, ਪਰ ਸਭ ਤੋਂ ਵੱਧ ਦੁਖਦਾਈ ਹੈ ਸਾਡੀ ਮੌਜੂਦਾ ਹਾਲਤ, ਜੋ ਸਾਡੀ ਗਲਤ ਲੀਡਰਸ਼ਿਪ ਕਰਕੇ ਹੋਈ ਕਿਉਂਕਿ ਸਾਡੇ ਲੀਡਰਾਂ ਨੇ ਸਿੱਖੀ ਸਿਧਾਂਤ ਤਿਆਗ ਨਿੱਜੀ ਸੁਆਰਥ ਨੂੰ ਪਹਿਲ ਦਿੱਤੀ।

1. ਸਾਰੀ ਮਨੁੱਖਤਾ ਨਾਲ ਇਕਮਿਕਤਾ ਦੀ ਗੱਲ ਤਾ ਕਿਤੇ ਰਹੀ, ਸਾਡੇ ਲੀਡਰਾਂ ਨੇ ਕੇਵਲ ਸਿੱਖਾਂ ਦੀ ਇੱਕੋ-ਇੱਕ ਸਿਆਸੀ ਪਾਰਟੀ, ਅਕਾਲੀ ਦਲ ਵਿੱਚ ਵੀ ਵੰਡੀਆਂ ਹੀ ਨਹੀਂ ਪਾਈਆਂ ਵਰਨਾ ਇਤਿਹਾਸਿਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਥਾਪੀ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਨਹੀਂ

★ Tapovan, Amravati - 444 602 (Maharashtra)

ਬਖਸ਼ਿਆ। ਵੈਸੇ ਵੀ, ਸ਼੍ਰੋਮਣੀ ਕਮੇਟੀ ਧਾਰਮਿਕ ਮਾਰਗਦਰਸ਼ਨ ਦੇਣ ਵਿੱਚ ਪੂਰੀ ਤਰ੍ਹਾਂ ਅਸਫਲ, ਅਸਾਹਈ ਤੇ ਅਣਗਹਿਲ ਸਾਬਿਤ ਹੋਈ ਜਿਸ ਕਾਰਣ:

- ਸਿੱਖਾਂ ਵਿੱਚ ਭਾਰੀ ਗਿਰਾਵਟ ਆਈ, ਨਾ ਕੇਵਲ ਪੰਜ ਕਕਾਰਾਂ ਦੀ ਰਹਿਤ ਤੋਂ ਦੂਰ ਅਰਥਾਤ ਅੰਮ੍ਰਿਤ ਛਕਣ ਤੋਂ ਅਵੇਸਲੇ ਹੋ ਗਏ, ਬਲਕਿ ਸਾਡਾ ਆਚਰਣ ਤੇ ਕਿਰਦਾਰ ਵੀ ਨੀਵਾਂ ਹੋ ਗਿਆ।

- ਜਾਤੀਵਾਦ ਦਾ ਬੋਲਬਾਲਾ ਹੈ, ਜਾਤ ਦੇ ਨਾਂ ਤੇ ਗੁਰਦੁਆਰੇ ਬਣ ਰਹੇ ਹਨ ਤੇ ਅਖੌਤੀ ਨੀਵੀਂ ਜਾਤ ਵਾਲਿਆਂ ਨਾਲ ਭੈੜਾ ਸਲੂਕ ਹੋ ਰਿਹਾ ਹੈ ਜਿਸਦੀ ਸਿੱਖੀ ਵਿੱਚ ਉੱਕਾ ਹੀ ਕੋਈ ਥਾਂ ਨਹੀਂ।

- ਸ਼ਰਾਬ ਦੀ ਵਰਤੋਂ ਇਤਨੀ ਵਧ ਗਈ ਹੈ ਕਿ ਹੁਣ ਗੁਰਦੁਆਰਿਆਂ (ਸ਼੍ਰੋਮਣੀ ਕਮੇਟੀ ਸਮੇਤ) ਦੀਆਂ ਚੋਣਾਂ ਵਿੱਚ ਸ਼ਰਾਬ ਪਿਲਾ ਕੇ ਵੋਟਾਂ ਲੈਣਾ ਆਮ ਗਲ ਹੋ ਗਈ ਹੈ।

- ਬਰਾਬਰੀ ਦੇ ਸਿਧਾਂਤ ਪ੍ਰਤੀ ਅਵੇਸਲਾਪਨ ਤੇ ਕਮਜ਼ੋਰ ਵਰਗਾਂ ਦੀ ਮਦਦ ਕਰਨ ਤੋਂ ਮੁਨਕਰ ਹੋਣਾ ਤਾਂ ਜੋ ਉਹ ਬਰਾਬਰੀ ਦਾ ਦਰਜਾ ਨਾ ਪਾ ਸਕਣ।

2. ਸਿੱਖੀ ਅੰਦਰ ਬੇਮਿਸਾਲ ਕੁਰਬਾਨੀਆਂ ਹੋਈਆਂ- ਭਾਈ ਰਣਧੀਰ ਸਿੰਘ, ਕਾਮਾਗਾਟਾਮਾਰੂ ਦੇ ਬਾਬੇ, ਇਤਿਆਦਿ- ਪਰ ਮਹਾਨ ਆਗੂਆਂ ਦੀ ਵੀ ਪਛਾਣ ਨਾ ਬਣਾ ਸਕੀ। ਅਸੀਂ ਹਰ ਵੇਲੇ ਦੂਜਿਆਂ ਦੀ ਨੁਕਤਾਚੀਨੀ ਕਰਦੇ ਰਹਿੰਦੇ ਹਾਂ ਤੇ ਇਸੇ ਵਿੱਚ ਲੱਗੇ ਰਹਿੰਦੇ ਹਾਂ ਕਿ ਦੂਜੇ ਧਰਮ ਘੱਟ ਮਹਾਨ ਹਨ, ਪਰ ਆਪਣਾ ਧਰਮ ਫਿਰ ਵੀ ਅਸਲ ਵਿੱਚ ਨਹੀਂ ਲਿਆਂਦੇ ਇਸ ਤਰ੍ਹਾਂ ਹਾਸੋਹੀਣੇ ਬਣ ਗਏ ਹਾਂ। ਚੂੰ ਕੀ ਸਾਡੇ ਧਾਰਮਕ, ਰਾਜਨੀਤਕ ਤੇ ਦੂਜੇ ਲੀਡਰ ਭਰੋਸੇਮੰਦ, ਈਮਾਨਦਾਰ ਤੇ ਨਿਸੁਆਰਥ ਨਹੀਂ ਸਨ, ਅਸੀਂ ਅੱਗੇ ਨਹੀਂ ਵਧ ਸਕੇ।

3. ਸ਼੍ਰੋਮਣੀ ਕਮੇਟੀ ਕੋਲ ਉਪਲਬਧ ਫੰਡ ਦਾ ਉਪਯੋਗ ਸਾਨੂੰ ਵੱਡੇ ਅਸਪਤਾਲ, ਚੰਗੇ ਸਕੂਲ ਬਣਾਉਣ 'ਚ ਕਰਨਾ ਚਾਹੀਦਾ ਸੀ, ਪਰ ਅਸੀਂ ਨਿਜੀ ਰਾਜਨੀਤਕ ਲਾਭ ਲਈ ਇਸ ਦੀ ਦੁਰਵਰਤੋਂ ਕਰਦੇ ਆ ਰਹੇ ਹਾਂ, ਉਹ ਵੀ ਅਧਾਰਮਕ ਤੇ ਅਨੈਤਿਕ ਤਰੀਕਿਆਂ ਨਾਲ। ਅਸੀਂ ਕੇਵਲ ਇੱਕ ਭਗਤ ਪੂਰਨ ਸਿੰਘ ਪੈਦਾ ਕਰ ਸਕੇ ਹਾਂ ਜਦੋਂ ਕਿ ਸਾਨੂੰ ਉਨ੍ਹਾਂ ਵਰਗੇ ਸੇਵਾ ਸਿਮਰਨ ਵਿੱਚ ਲੀਨ ਰਹਿਣ ਵਾਲਿਆਂ ਦਾ ਹੜ੍ਹ ਲਿਆ ਦੇਣਾ ਚਾਹੀਦਾ ਸੀ ਸਾਰੇ ਰਾਜਾਂ ਵਿੱਚ। ਭਗਤ ਜੀ ਦੀ ਵੀ ਸ਼੍ਰੋਮਣੀ ਕਮੇਟੀ ਨੇ ਬੜੀ ਮੁਸ਼ਕਲ ਨਾਲ ਥੋੜੀ ਜਿਹੀ ਮਦਦ ਕੀਤੀ ਸੀ। ਜੇ ਸਾਡੇ ਲੀਡਰ ਸਿੱਖੀ ਸਿਧਾਂਤਾਂ ਨੂੰ ਸਾਮ੍ਹਣੇ ਰੱਖਦੇ ਅਤੇ ਅਸਾਂ ਸਾਰੇ ਦੇਸਵਾਸੀਆਂ ਦੀ ਸੇਵਾ ਕੀਤੀ ਹੁੰਦੀ ਤਾਂ ਇਹ ਕਹਿਣ ਦੀ ਲੋੜ ਹੀ ਨਹੀਂ ਸੀ ਪੈਣੀ ਕਿ ਸਿੱਖ ਧਰਮ ਮਹਾਨ ਹੈ, ਸਾਡੇ ਕੰਮਾਂ ਤੋਂ ਇਹ ਜਾਹਿਰ ਹੋਣਾ ਸੀ ਤੇ ਦੂਜੇ ਖੁਦ ਸਾਡੀ ਵਡਿਆਈ ਕਰਨ ਲਈ ਮਜਬੂਰ ਹੁੰਦੇ।

4. ਹੁਣ ਹਾਲਤ ਇਹ ਹੈ ਕਿ ਕੁਝ ਗੁਰਦੁਆਰਿਆਂ ਵਿੱਚ ਲੰਗਰ ਕੇਵਲ ਭੀੜ ਇਕਤ੍ਰ ਕਰਨ ਲਈ ਕੀਤਾ ਜਾਂਦਾ ਹੈ ਕਿਉਂਕਿ ਸਾਨੂੰ ਗੁਰਬਾਣੀ ਸੁਣਨ ਦਾ ਸਾਨੂੰ ਕੋਈ ਸ਼ੌਕ ਨਹੀਂ ਤੇ ਗੁਰੂ-ਹੁਕਮਾਂ ਤੇ ਜੀਵਨ ਢਾਲਣ ਦਾ ਕੋਈ ਚਾਅ ਨਹੀਂ। ਸ਼੍ਰੋਮਣੀ ਕਮੇਟੀ ਦੇ ਨਕਸ਼ੇ-ਕਦਮ ਤੇ ਚਲਦਿਆਂ, ਬਾਕੀ ਗੁਰਦੁਆਰਿਆਂ ਦੇ ਪ੍ਰਧਾਨ-ਸਕੱਤ੍ਰ ਵੀ, ਗੁਰੂ ਆਦਰਸ਼ਾਂ ਤੋਂ ਦੂਰ, ਲੜਾਈਆਂ ਕਰਨ ਵਾਲੇ, ਬਦਇੰਤਜ਼ਾਮ, ਤੇ ਨਿੱਜੀ ਲਾਭ ਦੀ ਮਣਸ਼ਾ ਰੱਖਣ ਵਾਲੇ ਬਣ ਗਏ ਹਨ। ਗਰੀਬਾਂ ਨੂੰ ਐਸੇ ਲੰਗਰਾਂ ਤੋਂ ਦੂਰ ਰੱਖਿਆ ਜਾਂਦਾ ਹੈ।

5. ਹਰ ਖੇਤਰ ਵਿੱਚ, ਸਾਡੇ ਲੀਡਰਾਂ ਨੇ ਇਹ ਪੱਕਾ ਧਾਰ ਲਿਆ ਹੈ ਕਿ ਨਿੱਜੀ ਸੁਆਰਥ ਸਭ ਤੋਂ ਉੱਪਰ ਹ, ਅਤੇ ਪੰਥ ਤੇ ਸਿੱਖੀ ਆਦਰਸ਼ਾਂ ਦੀ ਕੀਮਤ ਤੇ ਵੀ ਆਪਣਾ ਪੱਖ ਪੂਰਨਾ ਹੈ। ਅਧਿਆਤਮਕ ਈਮਾਨਦਾਰੀ ਹੁਣ ਥੱਲੇ ਤੇ ਪਦਾਰਥਾਂ ਦੀ ਚਾਹਤ ਉੱਪਰ ਹੈ, ਇਸ ਲਈ ਮੀਰੀ-ਪੀਰੀ ਦੇ ਸਿਧਾਂਤ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ।

6. ਗਿਣੇ-ਚੁਣੇ ਅਪਵਾਦਾਂ ਨੂੰ ਛੱਡ ਕੇ, ਸਿੱਖਾਂ ਵਿੱਚ ਹੋਣ ਕੋਈ ਐਸਾ ਲੀਡਰ ਨਹੀਂ ਰਿਹਾ- SGPC ਦੇ ਮੈਂਬਰਾਂ ਤੇ ਤਖਤਾਂ ਦੇ ਜਥੇਦਾਰਾਂ ਸਮੇਤ- ਜਿਸਨੂੰ ਈਮਾਨਦਾਰ ਤੇ ਨਿਸੁਆਰਥ ਲੀਡਰ ਦੇ ਰੂਪ ਵਿੱਚ ਪੇਸ਼ ਕੀਤਾ ਜਾ ਸਕੇ।

7. ਹਰ ਵੇਲੇ ਸਾਡੀਆਂ ਲੜਾਈਆਂ ਜਾਰੀ ਹਨ- ਭਾਵੇਂ ਗੈਰ-ਅੰਮ੍ਰਿਤ ਧਾਰੀ ਜਾਂ ਸਹਿਜਧਾਰੀ ਹੋਣ। ਕਦੇ ਵੀ ਸਾਡੇ ਲੀਡਰਾਂ ਨੇ ਆਪਣੇ ਆਪ ਨੂੰ 1699 ਦੀ ਵਿਸਾਖੀ ਵਾਲਾ ਖਾਲਸਾ ਬਣ ਕੇ ਨਹੀਂ ਵਿਖਾਇਆ: ਉਹਨਾਂ ਦੀਆਂ ਸਿੱਖੀ ਤੋਂ ਉਲਟ ਹਰਕਤਾਂ ਕਰਕੇ ਸਾਨੂੰ ਸ਼ਰਮਿੰਦਾ ਹੋਣਾ ਪਿਆ ਹੈ।

8. ਅਸੀਂ ਤਕਰੀਬਨ ਪੂਰੀ ਤਰ੍ਹਾਂ- ਸਿਵਾਇ ਜਦੋਂ ਰਸਮੀ ਤੌਰ ਤੇ ਜਾਂ ਰਵਾਜ਼ਨ ਪਾਠ ਕਰਦੇ ਤੇ ਗੁਰੂ ਦਾ ਦਿਖਾਵਾ ਕਰਦੇ ਹਾਂ- ਸ਼ਬਦ ਗੁਰੂ ਨੂੰ ਅਲਵਿਦਾ ਕਹਿ ਦਿੱਤਾ ਹੈ ਤੇ ਗੁਰਦੁਆਰਿਆਂ ਦੇ ਅੰਦਰ ਤੇ ਬਾਹਰ, ਪੈਸੇ

ਦਾ ਵਪਾਰ ਤੇ ਧਨ ਇੱਕਤ੍ਰ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀ ਵਰਤੋਂ ਕਰਦੇ ਹਾਂ।

9. ਮਾਇਕ ਪੱਖੋਂ, ਜਾਂ ਚੰਗੀਆਂ ਪੁਜੀਸ਼ਨਾਂ ਕਰਕੇ, ਜੋ ਸਿੱਖ ਸੌਖੇ ਹਨ, ਉਨ੍ਹਾਂ ਦਾ ਅਖੌਤੀ ਛੋਟੀ ਜਾਤ ਦੇ ਸਿੱਖਾਂ ਨਾਲ ਗਲਤ ਤੇ ਵੱਡੇ ਹੋਣ ਦੀ ਆਕੜ ਵਾਲਾ ਵਤੀਰਾ, ਤੇ ਲੀਡਰਾਂ ਦੀ ਤੰਗ ਦਿਲੀ- ਨਿੱਜੀ ਲਾਭ ਤੋਂ ਅੱਗੇ ਕੁਝ ਨਾ ਵੇਖਣਾ- ਇਹਨਾਂ ਕਾਰਣਾਂ ਕਰਕੇ, ਅਸੀਂ ਆਪਣੇ ਮਹਾਨ ਗੁਰੂਆਂ ਦੀ ਵਡਿਆਈ ਨਾ ਵਿਖਾ ਸਕੇ ਕਿਉਂਕਿ ਨਾ ਗੁਰਬਾਣੀ ਤੇ ਅਮਲ ਕੀਤਾ ਨਾ ਇਕਮਿਕਤਾ ਵਿਖਾਈ।

10. ਸਿੱਖੀ ਦੇ ਮਹਾਨ ਅਸੂਲਾਂ- ਬਰਾਬਰੀ, ਏਕਤਾ, ਸਰਬ ਸਾਂਝਾਪਨ- ਨੂੰ ਨਾ ਪ੍ਰਚਾਰਨ ਦੀ ਸਾਡੇ ਲੀਡਰਾਂ ਦੀ ਅਣਗਹਿਲੀ ਦਾ ਨਤੀਜਾ, ਹੁਣ "ਦਲਿਤ" ਸਿੱਖਾਂ ਦੇ ਨਫਰਤ ਭਰੇ ਲੇਖਾਂ ਰਾਹੀਂ ਸਾਮ੍ਹਣੇ ਆ ਰਿਹਾ ਹੈ।

*ਭਵਿੱਖ ਦੀ ਰੂਪ ਰੇਖਾ :*

ਭਵਿੱਖ ਵਿੱਚ ਸਾਡੀ ਲੀਡਰਸ਼ਿਪ ਕਿਹੋ ਜਿਹੀ ਹੋਵੇ ਇਸ ਤੇ ਵਿਚਾਰ ਕਰਨ ਤੋਂ ਪਹਿਲਾਂ, ਮੈਂ ਆਪਣਾ ਇੱਕ ਦਰਦ- ਜੋ ਸਿੱਖ ਜਰਨੈਲਾਂ, ਐਡਮਨਿਸਟ੍ਰੇਟਰਾਂ, ਜੱਜਾਂ, ਵਕੀਲਾਂ, ਡਾਕਟਰਾਂ, ਐਡੀਟਰਾਂ, ਇੰਜੀਨੀਅਰਾਂ ਕੋਲੋਂ ਸੈਮੀਨਾਰਾਂ, ਮੀਟਿੰਗਾਂ, ਗੁਰਮਤਿ ਬੈਠਕਾਂ ਵਿੱਚ ਇੱਕਤ੍ਰ ਕੀਤਾ ਹੈ- ਸਾਂਝਾ ਕਰਨਾ ਚਾਹੁੰਦਾ ਹਾਂ। ਇਨ੍ਹਾਂ ਵਿੱਚ ਸਾਡੇ ਅਖੌਤੀ ਲੀਡਰ ਵੀ ਸ਼ਾਮਿਲ ਹਨ ਜਿਨ੍ਹਾਂ ਨਾਲ ਕਦੇ-ਕਦੇ ਸਿੱਖ ਸਮੱਸਿਆਵਾਂ ਬਾਰੇ ਗੁਫਤਗੂ ਕਰਨ ਦਾ ਅਵਸਰ ਮਿਲਿਆ ਹੈ। ਅਸੀਂ ਗੱਲਾਂ ਕਰਦੇ ਹਾਂ ਲੀਡਰਸ਼ਿਪ ਦੀਆਂ, ਸਾਡੇ ਪ੍ਰਤੀ ਦੂਜਿਆਂ ਦੀ ਸੋਚ ਦੀਆਂ, ਸਾਡੀ ਚੰਗੀ ਤਸਵੀਰ ਦੀ ਲੋੜ ਦੀਆਂ, ਹੋਰਨਾਂ ਨਾਲੋਂ ਅਗਾਂਹ ਵਧਣ ਦੀਆਂ, ਸਾਡੀਆਂ ਆਰਥਿਕ ਮੁਸ਼ਕਲਾਂ ਦੀਆਂ, ਸਾਡੇ ਖਿਡਾਰੀਆਂ ਦੀ ਗਿਰਾਵਟ ਦੀਆਂ, ਸਾਡੀ ਰਾਜਨੀਤਕ ਨਾਖੁਸ਼ੀ ਦੀਆਂ, ਪਰ ਸ਼ਾਇਦ ਹੀ ਅਸਾਂ ਕਦੇ ਵਿਚਾਰਾਂ ਕੀਤੀਆਂ ਹੋਣ ਗੁਰੂ ਅਦੇਸ਼ਾਂ ਅਨੁਸਾਰ ਆਪਣਾ ਕਿਰਦਾਰ ਤੇ ਆਪਣੀ ਲੀਡਰਸ਼ਿਪ ਬਣਾਉਣ ਦੀਆਂ। ਅਸੀਂ ਭੁੱਲ ਜਾਂਦੇ ਹਾਂ ਕਿ ਸਾਡੇ ਬਜ਼ੁਰਗਾਂ ਦੀ ਵਡਿਆਈ, ਜੀਵਨ ਤੇ ਮੌਤ ਦੁਹਾਂ ਵਿੱਚ ਨਿਕਲੀ ਸੀ, ਗੁਰੂ ਹੁਕਮਾਂ ਦੀ ਪਾਲਣਾ 'ਚੋਂ। ਨਵੀਂ ਈਮਾਨਦਾਰ ਲੀਡਰਸ਼ਿਪ ਤਲਾਸ਼ਦਿਆਂ ਇਹ ਕਦੇ ਨਾ ਭੁੱਲੀਏ, ਕਿ ਸਾਡੀ ਲੀਡਰਸ਼ਿਪ ਦੇ ਗੁਮਰਾਹ ਹੋਣ ਤੋਂ ਬਚਣ ਲਈ, ਗੁਰੂ ਗ੍ਰੰਥ ਸਾਹਿਬ ਦੇ ਆਦੇਸ਼ਾਂ ਪ੍ਰਤੀ ਸਮਰਪਣ ਹੀ ਸਾਨੂੰ ਤੇ ਸਾਡੀ ਲੀਡਰਸ਼ਿਪ ਨੂੰ ਰੋਕ ਸਕਦਾ ਹੈ ਗਲਤ ਪੈਸਾ ਲੁੱਟਣ ਦੀ ਰੁਚੀ ਤੋਂ ਹੇਰਾਫੇਰੀਆਂ ਕਰਨ ਤੋਂ ਅਤੇ ਆਪਣੇ ਹੀ ਦਲਿਤ ਭਰਾਵਾਂ ਤੇ ਆਪਣੀਆਂ ਔਰਤਾਂ, ਬੱਚੀਆਂ, ਬਹੂ-ਬੇਟੀਆਂ ਨਾਲ ਬੁਰਾ ਸਲੂਕ ਕਰਨ ਤੋਂ।

ਗੁਰੂ ਪੰਥ ਦਾ ਰੋਲ ਬਕਮਾਲ ਰਿਹਾ ਜਦੋਂ ਸਾਡੇ ਨਾਲ ਧੱਕਾ ਹੁੰਦਾ ਸੀ, ਅਸੀਂ ਜ਼ੁਲਮ ਤੇ ਅਤਿਆਚਾਰ ਦੇ ਸ਼ਿਕਾਰ ਸਾਂ, ਪਰ ਅੱਜ ਪੰਥ ਦੀ ਦਸ਼ਾ ਸੰਤੋਸ਼ਜਨਕ ਨਹੀਂ। ਜੇ ਅਸੀਂ ਮੁੜ ਸੁਰਜੀਤ ਹੋਣਾ ਚਾਹੁੰਦੇ ਹਾਂ ਤਾਂ ਸਾਨੂੰ ਸਾਰੇ ਸਿੱਖਾਂ- ਪੰਜਾਬ ਦੇ ਸ਼ਹਿਰਾਂ, ਪਿੰਡਾਂ, ਦੇਸ਼ ਦੇ ਹੋਰਨਾਂ ਸੂਬਿਆਂ ਤੇ ਦੇਸ਼ ਦੇ ਬਾਹਰ ਰਹਿੰਦੇ- ਦੀ ਸਮੂਲੀਅਤ ਕਰਨੀ ਪਵੇਗੀ ਇਸ ਕੋਸ਼ਿਸ਼ ਵਿੱਚ। ਭਾਵੇਂ ਪੰਜਾਬ, ਹਰਿਆਣਾ ਤੇ ਹਿਮਾਚਲ ਤੋਂ ਬਾਹਰ ਦੇ ਗੁਰਦੁਆਰਿਆਂ ਦਾ ਪ੍ਰਬੰਧ ਉੱਥੇ ਦੀਆਂ ਲੋਕਲ ਕਮੇਟੀਆਂ ਕੋਲ ਹੈ, ਕੋਈ ਕਾਰਣ ਨਹੀਂ ਕਿ ਸੱਚੇ-ਸੁੱਚੇ, ਧਾਰਮਕ ਤੇ ਨਿਸ਼ਕਾਮ ਭਾਵਨਾ ਵਾਲੇ ਸਿੱਖ ਲੀਡਰਾਂ ਦੀ ਇੱਕ ਕੇਂਦਰੀ ਕਮੇਟੀ ਉਨ੍ਹਾਂ ਨੂੰ ਸਾਂਝੇ ਆਦਰਸ਼ਾਂ ਦੇ ਅਧਾਰ ਤੇ ਅਧਿਆਤਮਕ ਤੇ ਸਮਾਜੀ ਦਿਸ਼ਾ ਨਿਰਦੇਸ਼ ਨਾ ਦੇ ਸਕੇ। ਦੇਸ਼-ਵਿਦੇਸ਼ਾਂ ਅੰਦਰ ਵਸਦੇ ਸਿੱਖਾਂ ਅੰਦਰ ਵੱਖ-ਵੱਖ ਵਿਸ਼ਿਆਂ ਤੇ ਸੰਵਾਦ ਦੁਆਰਾ ਇੱਕ ਆਮ ਸਹਿਮਤੀ ਤਿਆਰ ਕੀਤੀ ਜਾਏ ਕਿ ਨਵੀਂ ਲੀਡਰਸ਼ਿਪ ਕਿਹੋ ਜਿਹੀ ਹੋਵੇ। ਮੇਰੀ ਜਾਚੇ ਸਭ ਤੋਂ ਅਹਿਮ ਇਹ ਹੈ ਕਿ ਹੁਣ ਲੀਡਰ ਗਿਣਤੀ ਛੱਡ, ਗੁਰਮਤਿ ਆਚਰਣ ਦੇ ਅਧਾਰ ਤੇ ਚੁਣੀਏ ਕਿਉਂਕਿ ਅਸਾਂ ਵੇਖ ਲਿਆ ਹੈ ਕਿ ਬਦਕਿਸਮਤੀ ਨਾਲ, ਰਾਜਨੀਤਕ ਚੋਣਾਂ ਦਾ ਚਿੱਕੜ ਧਾਰਮਕ ਖੇਤਰ ਵਿੱਚ ਵੀ ਆਣ ਵੜਿਆ, ਅਤੇ ਪੈਸੇ ਤੇ ਸ਼ਰਾਬ ਨੇ ਆਪਣੀ ਬਦਬੂ ਨਾਲ ਮਾਹੌਲ ਖ਼ਰਾਬ ਕਰ ਦਿੱਤਾ। ਸੇਵਾਦਾਰ ਦੇ ਚੋਲੇ ਅੰਦਰ, ਲੀਡਰਸ਼ਿਪ ਦੀ ਪਵਿੱਤ੍ਰਤਾ ਨਿੱਜੀ ਲਾਭ ਤੇ ਵਡਿਆਈ ਲਈ ਵੇਚ ਦਿੱਤੀ ਗਈ ਹੈ। ਵੋਟਾਂ ਦਾ ਤਰੀਕਾ ਸਾਡੇ ਰਾਜਨੀਤਕ ਤੇ ਧਾਰਮਿਕ ਲੀਡਰਾਂ ਦੀ ਗਿਰਾਵਟ ਦਾ ਮੁੱਖ ਕਾਰਣ ਸਾਬਤ ਹੋਇਆ ਹੈ ਇਸ ਲਈ, ਇਹ ਤਰੀਕਾ ਛੱਡ ਹੁਣ, ਗੁਰਮਤਿ ਆਚਰਣ ਦੇ ਅਧਾਰ ਤੇ ਚੁਣਨ ਦਾ ਤਰੀਕਾ ਵਰਤੀਏ। ਆਪਸੀ ਵਿਚਾਰ ਵਟਾਂਦਰੇ ਰਾਹੀਂ ਜੇ ਇੱਕ ਵਾਰ ਚੋਣਾਂ ਦਾ ਤਰੀਕਾ ਤੈਹ ਹੋ ਜਾਏ, ਫਿਰ ਇਸ ਗੱਲ ਤੇ ਧਿਆਨ ਦਿੱਤਾ ਜਾਏ ਕਿ ਕਿਹੋ ਜਿਹੇ ਗੁਰਸਿੱਖ ਚੁਣੇ ਜਾਣੇ ਚਾਹੀਦੇ ਹਨ SGPC ਲਈ ਤੇ ਤਖਤਾਂ ਦੇ ਜਥੇਦਾਰ ਥਾਪਣ ਲਈ।

ਤਖਤਾਂ ਦਾ ਕੰਮ ਨਿਰੋਲ ਧਾਰਮਕ ਹੋਣਾ ਚਾਹੀਦਾ ਹੈ। ਗੁਰੂ-ਸ਼ਬਦ ਦੇ ਹੁਕਮਾਂ ਅਧੀਨ, ਉਨ੍ਹਾਂ ਨੂੰ ਸਮਾਜੀ ਸੇਧ ਦੇਣ ਦੀ ਜ਼ਿੰਮੇਵਾਰੀ ਵੀ ਸੌਂਪੀ ਜਾ ਸਕਦੀ ਹੈ ਪਰ ਇਹ

ਪੱਕਾ ਕਰਨਾ ਚਾਹੀਦਾ ਹੈ ਤਖਤਾਂ ਦੇ ਜਥੇਦਾਰ, SGPC ਜਾਂ ਹੋਰ ਕਿਸੇ ਸਥਾਨਕ ਤਾਕਤ ਦੇ ਅਧੀਨ ਨਾ ਹੋਣ। ਸੱਚੇ ਸੁੱਚੇ ਉਚ ਆਤਮਕ ਅਵਸਥਾ ਵਾਲੇ, ਗਿਆਨਵਾਨ ਤੇ ਪੂਰੀ ਤਰ੍ਹਾਂ ਨਿਸ਼ਕਾਮ ਗੁਰਮੁਖ ਹੀ, ਜਥੇਦਾਰ ਥਾਪੇ ਜਾਣੇ ਚਾਹੀਦੇ ਹਨ। ਇਹ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੋਵੇਗਾ, ਪਰ ਜਿਥੋਂ ਤੱਕ ਹੋ ਸਕੇ, ਸਾਰੇ ਤਖਤਾਂ ਤੇ ਇਕੋ ਮਰਯਾਦਾ ਲਾਗੂ ਹੋਣੀ ਚਾਹੀਦੀ ਹੈ। ਤਖਤਾਂ ਦੀ ਸਥਾਪਨਾ ਵੇਲੇ ਉਨ੍ਹਾਂ ਦੀ ਅਹਿਮੀਅਤ ਜੋ ਵੀ ਰਹੀ ਹੋਵੇ, ਸਿੱਖੀ ਦੀ ਗੌਰਵਤਾ ਨੂੰ ਮੁੜ ਬਹਾਲ ਕਰਨ ਵਿੱਚ ਹੁਣ ਉਹਨਾਂ ਨੂੰ ਮੁੱਖ ਰੋਲ ਅਦਾ ਕਰਨਾ ਪਵੇਗਾ।

* ਗੁਰਬਾਣੀ ਤੇ ਗੁਰਮਤਿ ਪਰੰਪਰਾਵਾਂ ਤੋਂ ਸਾਰੇ ਸਿੱਖਾਂ ਨੂੰ ਜਾਣੂੰ ਕਰਾ ਕੇ ਗਿਆਨ ਦੀ ਰੋਸ਼ਨੀ ਬਖਸ਼ਣੀ।

* ਅਖੌਤੀ ਵਿਦਵਾਨਾਂ ਤੇ ਪ੍ਰਚਾਰਕਾਂ ਨੂੰ, ਜੋ ਸਿੱਖੀ ਅਸੂਲਾਂ ਨੂੰ ਢਾਹ ਲਾਂਦੇ ਹਨ, ਨੂੰ ਪ੍ਰਚਾਰ ਤੋਂ ਪਰੇ ਰੱਖਣਾ।

* ਸਾਰੇ ਸਿੱਖਾਂ ਅੰਦਰ, ਜਾਤ-ਪਾਤ ਦੇ ਵਿਤਕਰੇ ਤੋਂ ਉਪਰ, ਬਰਾਬਰੀ ਦਾ ਦਰਜਾ ਕਾਇਮ ਕਰਨਾ।

* ਘਲੂਘਾਰਿਆਂ ਵੇਲੇ ਨਿਭਾਏ ਉਨ੍ਹਾਂ ਦੇ ਰੋਲ ਤੇ ਗੁਰਬਾਣੀ ਅਧਾਰ ਤੇ, ਬੀਬੀਆਂ ਦਾ ਦਰਜਾ ਉੱਚਾ ਕਰਨਾ।

* ਸਿੱਖੀ ਸਿਦਕ ਤੇ ਅਸੂਲਾਂ ਨੂੰ ਦ੍ਰਿੜ ਰੱਖਦਿਆਂ ਸਾਰੀ ਲੁਕਾਈ ਅੰਦਰ ਪੂਰਨ ਸਾਂਝ ਤੇ ਪਿਆਰ ਕਾਇਮ ਕਰਨਾ, ਦੂਜੇ ਧਰਮਾਂ ਪ੍ਰਤੀ ਬਗੈਰ ਕਿਸੇ ਨਿਰਾਦਰੀ ਦੇ।

ਤਖਤਾਂ ਤੋਂ ਸਿੱਖੀ ਅਸੂਲਾਂ ਦੇ ਉਲਟ ਜਾਂ ਅਧਾਰਮਕ ਕੋਈ ਕੰਮ ਨਾ ਕੀਤਾ ਜਾਏ, ਨਾ ਕਿਹਾ ਜਾਏ, ਜਿਸ ਤੋਂ ਇਹ ਪ੍ਰਗਟ ਹੋਵੇ ਕਿ ਆਪਣੇ ਹੀ ਗੁਰੂ ਦੇ ਅਸੂਲਾਂ ਪ੍ਰਤੀ ਸਾਡੀ ਸ਼ਰਧਾ ਕੱਚੀ ਪੱਕੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਤਖਤਾਂ ਨੂੰ ਉਨ੍ਹਾਂ ਲੋਕਾਂ- ਜੋ ਤਖਤਾਂ ਜਾਂ ਉਹਨਾਂ ਦੇ ਜਥੇਦਾਰਾਂ ਦੀ ਵਰਤੋਂ ਨਿੱਜੀ ਲਾਭਦੀਆਂ ਰਾਜਨੀਤਕ ਚਾਲਾਂ, ਤੇ ਵਡਿਆਈ ਲਈ ਕਰਦੇ ਹਨ- ਦੇ ਕੰਟਰੋਲ- ਤੋਂ ਪੂਰੀ ਤਰ੍ਹਾਂ ਬਾਹਰ ਰੱਖਿਆ ਜਾਵੇ। ਸਾਰੇ ਵਿਸ਼ਵ ਦੀਆਂ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੇ ਸਰਬਤ ਖਾਲਸੇ ਦੀ ਇਕੱਤ੍ਰਤਾ ਵਿੱਚ ਇਨ੍ਹਾਂ ਗੱਲਾਂ ਤੇ ਆਮ ਸਹਿਮਤੀ ਬਣਾਈ ਜਾਏ:

- ਤਖਤਾਂ ਦੇ ਜਥੇਦਾਰਾਂ ਦੀ ਲਿਆਕਤ ਕੀ ਹੋਵੇ?
- ਧਾਰਮਕ ਤੇ ਈਮਾਨਦਾਰ ਸਿੱਖਾਂ ਵਿੱਚੋਂ ਕਿਵੇਂ ਜਥੇਦਾਰ ਦੀ ਚੋਣ ਕੀਤੀ ਜਾਵੇ?
- ਸਿਵਾਇ ਇੱਕ ਖਾਸ ਉਮਰ ਪਾਰ ਕਰਨ ਤੋਂ ਬਾਅਦ ਜਾਂ ਕੋਈ ਅਨੈਤਿਕ ਕੰਮ ਕਰਨ ਦਾ ਦੋਸ਼ੀ ਪਾਏ ਜਾਣ ਤੋਂ ਇਲਾਵਾ, ਜਥੇਦਾਰ ਨੂੰ ਕੋਈ ਹਟਾ ਨਾ ਸਕੇ।
- ਜਥੇਦਾਰ ਦੀ ਮਿਆਦ ਕਿਤਨੀ ਹੋਵੇ ਅਤੇ ਕਿੰਨੀ ਵਾਰ/ਇੱਕ ਜਾਂ ਦੋ) ਇੱਕ ਜਥੇਦਾਰ ਆਪਣੇ ਪਦ ਤੇ ਰਹਿ ਸਕਦੇ ਹਨ?
- ਸਾਰੇ ਤਖਤਾਂ ਦੇ ਜਥੇਦਾਰਾਂ ਦਾ ਦਰਜਾ ਇੱਕੋ ਜਿਹਾ ਹੋਵੇ, ਪਰ ਅਕਾਲ ਤਖਤ ਦੇ ਜਥੇਦਾਰ ਬਰਾਬਰੀ ਵਾਲਿਆਂ 'ਚੋਂ ਪਹਿਲੇ (First among equals) ਗਿਣੇ ਜਾਣ, ਅਤੇ ਸਰਬੱਤ ਖਾਲਸਾ ਦੁਆਰਾ ਤੇ ਸਿੰਘ ਸਹਿਬਾਨਾਂ ਦੁਆਰਾ ਕੀਤੇ ਪੰਥਕ ਫੈਸਲੇ ਸੁਣਾਉਣ ਦੀ ਜ਼ਿੰਮੇਵਾਰੀ ਨਿਭਾਣ।

*ਵੱਖ-ਵੱਖ level ਤੇ ਫ਼ੈਸਲੇ ਕਰਨ ਦਾ ਤਰੀਕਾ:* ਮਾਨਯੋਗ ਸੱਜਣਾਂ ਦਾ ਇਕੱਠ ਜਾਂ ਸਰਬੱਤ ਖਾਲਸਾ ਹੀ ਇਹ ਤੈਹ ਕਰੇ ਕਿ ਕਿਸ level ਤੇ ਕੀ ਫ਼ੈਸਲੇ ਹੋ ਸਕਦੇ ਹਨ। ਪਿਛਲੇ ਦੋ ਦਹਾਕਿਆਂ ਤੋਂ ਅਕਾਲ ਤਖਤ ਤੇ ਚਲ ਰਹੇ ਵਿਖਾਵੇਪਨ ਦੇ ਪਿਛੋਕੜ, ਬਲੂਸ਼ਟਾਰ, ਦੇਸ਼ ਵਿੱਚ ਸਿੱਖ ਵਿਰੋਧੀ ਦੰਗਿਆਂ, ਪੰਜਾਬ ਵਿੱਚ ਨਿਰਦੋਸ਼ ਲੋਕਾਂ ਦੇ ਜਾਨ-ਮਾਲ ਤੇ ਇੱਜ਼ਤ-ਆਬਰੂ ਤੇ ਹੋਇ ਹਮਲਿਆਂ, ਦੌਰਾਨ ਸਾਡੇ ਲੀਡਰਾਂ ਦੇ ਰੋਲ ਨੂੰ ਮੱਦੇਨਜ਼ਰ ਰੱਖਦਿਆਂ, ਇਹ ਜ਼ਰੂਰੀ ਹੈ ਕਿ ਸਿੱਖੀ ਕਿਰਦਾਰ ਉਸਾਰਨ ਲਈ ਉੱਦਮ ਕੀਤਾ ਜਾਏ, ਧਾਰਮਕ ਨੇਤਾਵਾਂ ਨੂੰ ਰਾਜਸੀ ਤੇ ਰਾਜਨੀਤਕ ਨੇਤਾਵਾਂ ਨੂੰ ਧਾਰਮਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਦੀ ਇਜ਼ਾਜ਼ਤ ਨਾ ਹੋਵੇ, ਇਸਦਾ ਪੱਕਾ ਪ੍ਰਬੰਧ ਕੀਤਾ ਜਾਏ। ਇਹ ਮੀਰੀ-ਪੀਰੀ ਸਿੱਧਾਂਤ ਦੇ ਉਲਟ ਨਹੀਂ। ਇਹ ਲਾਜ਼ਮੀ ਕੀਤਾ ਜਾਏ ਕਿ ਸਾਡੇ ਰਾਜਸੀ ਨੇਤਾ ਗੁਰਮਤਿ ਦੇ ਧਾਰਣੀ, ਈਮਾਨਦਾਰ ਤੇ ਨਿਸ਼ਕਾਮ ਹੋ ਕੇ ਕੰਮ ਕਰਨ ਤੇ ਧਾਰਮਕ ਮਸਲਿਆ ਦਾ ਹੱਲ ਲੱਭਣ ਤੇ ਨਿੱਜੀ ਲਾਭ ਲਈ, ਧਾਰਮਕ ਪਦਵੀ ਦਾ ਰਾਜਸੀ ਫਾਇਦਾ ਨਾ ਉਠਾਣ। ਧਾਰਮਕ ਆਗੂਆਂ ਸਾਮ੍ਹਣੇ, ਧਾਰਮਕ ਮਸਲੇ ਨਜਿੱਠਦਿਆਂ, ਜੇ ਕੋਈ ਰਾਜਸੀ ਗੱਲ ਵੀ ਐਸੀ ਆ ਜਾਏ ਜਿਸ ਤੇ ਨਿਰਣਾ ਦੇਣਾ ਜ਼ਰੂਰੀ ਹੋਵੇ, ਉਦੋਂ ਵੀ ਕੋਈ ਨਿੱਜੀ ਲਾਭ ਲਈ ਫ਼ੈਸਲਾ ਨਾ ਕਰੇ ਅਤੇ ਨਾ ਹੀ ਵੰਡੀਆਂ ਪਾਵੇ।

ਜੇ ਸਰਵੋਚ level ਦੀ ਬੈਠਕ ਅੰਦਰ ਇਨ੍ਹਾਂ ਤੇ ਸਰਬ ਸੰਮਤੀ ਬਣ ਸਕੇ ਤਾਂ ਕੁਝ ਸੁਝਾਅ ਵਿਚਾਰਨ ਲਈ ਪੇਸ਼ ਹਨ:

1. ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦਾ ਚੋਣ ਤਰੀਕਾ ਬਦਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਇਹ ਮੈਂਬਰ

ਮਾਨਯੋਗ, ਸ਼ਰਧਾਵਾਨ ਸਿੱਖਾਂ (ਜੋ ਸਰਬੱਤ ਖਾਲਸਾ ਜਾਂ ਗੁਰੂ ਪੰਥ ਦੇ ਨੁਮਾਇੰਦਿਆਂ ਦੇ ਰੂਪ ਵਿੱਚ ਇਕੱਤ੍ਰ ਹੋਣ) ਦੁਆਰਾ ਚੁਣੇ ਜਾਣ।

2. ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਇੱਕ ਮਾਨਯੋਗ ਤੇ ਸ਼ਰਧਾਵਾਨ ਸਿੱਖ ਹੋਵੇ, ਦੋ ਵਾਰ ਤੋਂ ਵੱਧ ਕੋਈ ਵੀ ਪ੍ਰਧਾਨ ਨਾ ਰਹਿ ਸਕੇ।

3. ਨਵੇਂ ਤਰੀਕੇ ਨਾਲ ਚੁਣੇ ਗਏ ਸ਼੍ਰੋਮਣੀ ਕਮੇਟੀ ਦੇ ਮੈਂਬਰ ਆਪਣੇ ਇਲਾਕਿਆਂ ਦੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਲੋੜੀਂਦੀ ਸਲਾਹ ਦੇਣ।

4. ਫ਼ੈਸਲੇ ਕਰਨ ਵੇਲੇ ਜਥੇਦਾਰ ਸਾਹਿਬਾਨਾਂ ਨੂੰ ਵੀ ਸ਼ਾਮਿਲ ਕੀਤਾ ਜਾਏ, ਪਰ ਇਕੱਲਿਆਂ ਹੁਕਨਾਮੇ ਜਾਰੀ ਕਰਨ ਦਾ ਉਨ੍ਹਾਂ ਦਾ ਕੋਈ ਵੱਖਰਾ ਰੋਲ ਨਾ ਹੋਵੇ। ਨਿਰੋਲ ਧਾਰਮਕ ਤੇ ਸਿੱਖ- ਰਹਿਤ ਮਰਯਾਦਾ ਦੇ ਉਲਟ ਹੋ ਰਹੇ ਮਸਲਿਆਂ ਨੂੰ ਜਥੇਦਾਰ ਸਾਹਿਬਾਨ ਮਿਲ-ਬੈਠ ਕੇ ਨਜਿੱਠਣ ਤੇ ਫ਼ੈਸਲਾ ਸੁਣਾਉਣ ਦੀ ਜ਼ਿੰਮੇਵਾਰੀ, ਜਥੇਦਾਰ ਅਕਾਲ ਤਖਤ ਨਿਭਾਣ, ਪੰਥਕ ਫ਼ੈਸਲਾ ਹੋਣ ਕਰਕੇ।

ਪਤਾ ਨਹੀਂ, ਅੱਜ ਵਿਸ਼ਵ ਸਿੱਖ, ਕੌਂਸਿਲ ਦੀ ਕੀ ਪੋਜੀਸ਼ਨ ਹੈ, ਇਸਨੂੰ ਫਿਰ ਸੁਰਜੀਤ ਕੀਤਾ ਜਾਵੇ ਤੇ ਭਾਵੀ ਕਾਰਜਾਂ ਦੀ ਰੂਪਰੇਖਾ ਸਾਰੇ ਵਿਸ਼ਵ ਦੀਆਂ ਸਿੱਖ ਜਥੇਬੰਦੀਆਂ ਦੀ ਬੈਠਕ ਤੋਂ ਬਾਅਦ ਤਿਆਰ ਕੀਤੀ ਜਾਵੇ।

*ਭਾਵੀ ਪੰਥਕ ਮਸਲੇ :*

ਹੇਠਲੇ ਮਸਲਿਆਂ ਤੇ ਗੰਭੀਰ ਵਿਚਾਰ ਹੋਣੀ ਚਾਹੀਦੀ ਹੈ :

* ਸਾਡੇ ਅੰਦਰ ਆ ਰਹੀ ਨੈਤਿਕ ਗਿਰਾਵਟ- ਬਾਣਾ ਤੇ ਬਾਣੀ ਦੋਨੋ ਪੱਖੋਂ।

* ਸ਼ਰਾਬ ਤੇ ਨਸ਼ਿਆਂ ਪ੍ਰਤੀ ਵਧ ਰਹੀ ਰੁਚੀ।

* ਪ੍ਰਤੀਦਿਨ ਵਧ ਰਿਹਾ ਪਤਿਤਪੁਣਾ।

* ਵਿੱਦਿਆ ਦੇ ਪ੍ਰਚਾਰ ਲਈ ਲੋੜੀਂਦੀਆਂ ਸਹੂਲਤਾਂ ਤੇ ਉੱਚ ਟੇਕਨਾਲਜੀ ਵਿੱਚ ਮਹਾਰਤ ਹਾਸਲ ਕਰਨ ਦੀ ਲੋੜ।

* ਰੋਜ਼ੀ-ਰੋਟੀ ਕਮਾਣ ਨੂੰ ਧਰਮ ਪ੍ਰਚਾਰ ਤੋਂ ਵੱਖ ਰਖਣਾ ਤਾਂ ਜੋ ਪੈਸੇ ਲੈ ਕੇ ਪ੍ਰਚਾਰ ਕਰਨ ਵਾਲਿਆਂ ਦੀ ਥਾਂ ਆਪਣੇ-ਆਪਣੇ ਕੰਮਾਂ ਵਿੱਚ ਮਾਹਿਰ ਤੇ ਅਮਲੀ ਜੀਵਨ ਵਾਲੇ ਸਿੱਖ ਪ੍ਰਚਾਰ ਲਈ ਅੱਗੇ ਆਉਣ ਤਾਂ ਜੋ ਆਮ ਸਿੱਖ ਉਹਨਾਂ ਨੂੰ ਵੇਖ ਸਿੱਖੀ ਵੱਲ ਪ੍ਰੇਰਿਤ ਹੋਣ।

* ਵਿਦਵਾਨ ਤੇ ਵਿਚਾਰਵਾਨ ਸਿੱਖ ਅਮਲੀ ਜੀਵਨ ਦੁਆਰਾ ਗੁਰਬਾਣੀ ਦੀ ਸੇਧ ਬਖਸ਼ਣ।

* ਰਾਜਸੀ ਮਾਮਲਿਆਂ ਵਿੱਚ ਸੁੱਚਤਾ ਤੇ ਨਿਸ਼ਕਾਮ ਭਾਵਨਾ ਨਾਲ ਕੰਮ ਕਰਨ ਦੀ ਲੋੜ।

*ਪੰਜ ਪਿਆਰੇ :* ਅਫਸੋਸ, ਸਾਡੀ ਸਭ ਤੋਂ ਵੱਧ ਆਦਰਯੋਗ ਪੰਜਾਂ ਪਿਆਰਿਆਂ ਦੀ ਸੰਸਥਾ- ਜੋ ਖਾਲਸੇ ਦਾ ਧੁਰਾ ਹੈ- ਦੀ ਕਦਰ ਵੀ ਅਸਾਂ ਘਟਾ ਦਿੱਤੀ ਹੈ ਕਿਉਂਕਿ ਆਮ ਤੌਰ ਤੇ ਸਾਡਾ ਕਿਰਦਾਰ ਨੀਵਾਂ ਹੋ ਗਿਆ ਹੈ। ਨਵੀਂ ਲੀਡਰਸ਼ਿਪ ਦੀ ਰੂਪ ਰੇਖਾ ਤਿਆਰ ਕਰਨ ਵੇਲੇ ਪੰਜ ਪਿਆਰੇ- ਜਿਨ੍ਹਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਪਾਨ ਕੀਤਾ ਸੀ- ਕਿਹੋ ਜਿਹੇ ਹੋਣ, ਇਸ ਬਾਰੇ ਵੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਪੰਜਾਂ ਪਿਆਰਿਆਂ ਦਾ ਵੇਸ਼ ਧਾਰਣ ਮਾਤ੍ਰ ਨਾਲ ਹੀ ਕੋਈ ਅੰਮ੍ਰਿਤ ਛਕਾਣ ਯੋਗ ਨਹੀਂ ਹੋ ਸਕਦਾ, ਸੋ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਕਿ ਪੰਜਾਂ ਪਿਆਰਿਆਂ ਦੀ ਸੇਵਾ ਨਿਭਾਣ ਵਾਲੇ ਸਿੱਖ ਆਪ ਵੀ ਅੰਮ੍ਰਿਤ ਦੇ ਰਸੀਏ ਤੇ ਅਮਲੀ ਜੀਵਨ ਵਾਲੇ ਹੋਣ। ਜਿੱਥੇ ਵੀ ਸਿੱਖ ਵਸੋਂ ਹੋਵੇ, ਪੰਜਾਂ ਪਿਆਰਿਆਂ ਦੀ ਇੱਕ ਕਮੇਟੀ ਬਣਾਈ ਜਾਏ , ਚੋਣ ਦਾ ਅਧਾਰ ਉਨ੍ਹਾਂ ਦਾ ਸਿੱਖੀ ਕਿਰਦਾਰ ਹੋਵੇ ਤੇ ਉਹ ਗੁਰੂ ਸੰਦੇਸ਼ ਨੂੰ ਹੋਰਨਾਂ ਤੀਕ ਪੁਚਾ ਸਕਣ। ਉਹ ਆਪ ਵੀ ਇਹ ਕਰਨ ਤੇ ਹੋਰਨਾਂ ਨੂੰ ਵੀ ਇਸ ਲਈ ਪ੍ਰੇਰਨ :

– ਗੈਰਸਿੱਖ ਇਲਾਕਿਆਂ ਅੰਦਰ ਸਕੂਲਾਂ ਤੇ ਹਸਪਤਾਲਾਂ ਵਿੱਚ ਸੇਵਾ ਦੁਆਰਾ ਸਿੱਖੀ ਕਿਰਦਾਰ ਦੀ ਖ਼ੁਸ਼ਬੂ ਫੈਲਾਣ।

– ਸਾਰੇ ਧਰਮਾਂ ਦਾ ਆਦਰ ਕਰਨ ਤਾਂ ਜੋ ਸਭ ਨੂੰ ਸਿੱਖੀ ਸੋਚ ਦੀ ਸਮਝ ਆਵੇ ਤੇ ਲੋਕ ਇਸਨੂੰ ਸਲਾਹੁਣ।

– ਸਰਬ ਧਰਮ ਬੈਠਕਾਂ ਵਿੱਚ ਭਾਗ ਲੈ ਕੇ ਸਿੱਖੀ ਸਰਬ-ਸਾਂਝੀਵਾਲਤਾ ਦ੍ਰਿੜ ਕਰਨ ਤੇ ਸਾਰੀ ਮਾਨਵਤਾ ਇੱਕ ਹੈ, ਦਾ ਸੰਦੇਸ਼ ਪ੍ਰਚਾਰਨ।

– ਸ਼ਰਾਬ ਤੋਂ ਪ੍ਰਹੇਜ ਲਈ ਲੋਕਾਂ ਨੂੰ ਪ੍ਰੇਰਨ, ਸਤਿਸੰਗ ਕਰਨ ਲਈ ਲੋਕਾਂ ਨੂੰ ਪ੍ਰੇਰਨਾ ਦੇਣ ਤੇ ਗੁਰੂ ਸ਼ਬਦ ਦੀ ਕਮਾਈ ਲਈ ਉਤਸ਼ਾਹ ਜਗਾਣ।

– ਸਾਂਝੇ ਸੇਵਾ ਕਾਰਜਾਂ ਤੇ ਪ੍ਰਕਿਰਤਕ (natural) ਆਪਦਾਵਾਂ ਵੇਲੇ ਸਾਰਿਆਂ ਦੀ ਸਮੂਲੀਅਤ ਲਈ ਆਪ ਅੱਗੇ ਆਉਣ।

ਇਹ ਸਾਰਾ ਕੁਝ ਕਰਕੇ ਹੀ, ਸਾਡੇ ਵਿੱਚੋਂ ਨਵੀਂ ਲੀਡਰਸ਼ਿਪ ਨਿਕਲੇਗੀ ਹਰ level ਤੇ, ਜੋ ਹਰ ਹਾਲਤ ਦਾ ਦ੍ਰਿੜਤਾ ਨਾਲ ਸਾਹਮਣਾ ਕਰ ਸਕੇਗੀ।

*(ਰੂਪਾਂਤਰਕਾਰ : ਰਮੇਸ਼ ਸਿੰਘ, ਜਮਸ਼ੇਦਪੁਰ)*

# ਪੁਸਤਕ ਸਮੀਖਿਆ

## ਰੀਵੀਊਕਾਰ : ਡਾ. ਗੁਰਮੀਤ ਸਿੰਘ ਬੈਦਵਾਣ ★

ਪੁਸਤਕ : ਪੰਥ ਤੇ ਪੰਥ ਦਾ ਵਾਲੀ

ਲੇਖਕ : ਪ੍ਰੋ. ਪਿਆਰਾ ਸਿੰਘ ਪਦਮ

ਪੰਨੇ : 160

ਕੀਮਤ : 60 ਰੁਪਏ

ਪ੍ਰਕਾਸ਼ਕ : ਕਲਗੀਧਰ ਕਲਮ ਫਾਊਂਡੇਸ਼ਨ, ਕਲਮ ਮੰਦਿਰ, ਪਟਿਆਲਾ।

ਸਿੱਖ ਧਰਮ ਦਾ ਮਾਰਗ ਸੰਸਾਰ ਦੇ ਕਲਿਆਣਕਾਰੀ ਧਰਮਾਂ ਮਾਰਗਾਂ ਤੋਂ ਸ੍ਰੇਸ਼ਟ ਮਾਰਗ ਹੈ। ਇਸ ਧਰਮ ਦੇ ਮੂਲ ਵਿੱਚ ਹੀ ਇਸ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਲੁਕਾਈ ਦੇ ਕਲਿਆਣ ਹਿਤ ਐਸੇ ਯਤਨ ਆਰੰਭ ਦਿੱਤੇ ਸਨ ਕਿ ਸਮੇਂ ਦੇ ਹਾਕਮ ਵੀ ਇਸ ਲਹਿਰ ਅੱਗੇ ਟਿਕ ਨਾ ਸਕੇ। ਵੱਡੇ-ਵੱਡੇ ਜਰਵਾਣਿਆਂ ਨੇ ਆਪਣੀਆਂ ਕਤਲਗਾਹਾਂ ਨੂੰ ਧਰਮਸ਼ਾਲਾਵਾਂ ਦੇ ਨਾਂ ਦੇ ਦਿੱਤੇ। ਸਦੀਆਂ ਤੋਂ ਪਸਰਿਆ ਹਨ੍ਹੇਰਾ ਦੂਰ ਹੋਣ ਲੱਗਾ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ ਦਾ ਸਫਰ ਪ੍ਰਕਾਸ਼ ਮਾਰਗ ਦਾ ਸਫਰ ਹੈ। ਇਸ ਦੇ ਪ੍ਰਕਾਸ਼ ਵਿੱਚ ਅਨੇਕਾਂ ਰੂਹਾਂ ਨੇ ਆਪਣੇ ਮੂਲ ਨੂੰ ਪਛਾਣਿਆ ਹੈ। ਜਿਹਨਾਂ ਨੇ ਆਪਣੇ ਮੂਲ ਨੂੰ ਪਛਾਣ ਲਿਆ ਹੈ, ਉਹ ਸੰਸਾਰ ਦੇ ਕਲਿਆਣਕਾਰੀ ਮਾਰਗ 'ਤੇ ਚਲਣ ਦੇ ਸਮਰਥ ਹੋ ਗਏ ਹਨ।

ਸਿੱਖ ਧਰਮ, ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਅਨੇਕਾਂ ਤਵਾਰੀਖਾਂ, ਜਨਮ ਸਾਖੀਆਂ, ਸਿੱਖ ਇਤਿਹਾਸ, ਵਾਰਾਂ ਅਤੇ ਸਟੀਕ ਕਾਫੀ ਮਾਤ੍ਰਾ ਵਿੱਚ ਉਪਲਭਧ ਹਨ। ਇਹਨਾਂ ਲਿਖਤਾਂ ਦੀ ਪਰਖ ਪੜਚੋਲ ਉਪਰੰਤ ਕੁਝ ਵਿਦਵਾਨ ਪਾਠਕਾਂ ਨਾਲ ਆਪਣੇ ਵਡਮੁੱਲੇ ਤਜ਼ਰਬੇ ਸਾਂਝੇ ਕਰ ਰਹੇ ਹਨ। ਅਜਿਹੇ ਵਿਦਵਾਨਾਂ ਵਿੱਚੋਂ ਖੋਜੀ ਬਿਰਤੀ ਦੇ ਮਾਲਕ ਪ੍ਰੋ. ਪਿਆਰਾ ਸਿੰਘ ਪਦਮ ਨੇ ਹਥਲੀ ਪੁਸਤਕ 'ਪੰਥ ਤੇ ਪੰਥ ਦਾ ਵਾਲੀ' ਪਾਠਕਾਂ ਦੀ ਨਜ਼ਰ ਕੀਤੀ ਹੈ। ਪਦਮ ਜੀ ਨੇ ਹੁਣ ਤੱਕ ਲਗਭਗ ਤਿੰਨ ਦਰਜਨ ਪੁਸਤਕਾਂ ਪੰਜਾਬੀ ਸਾਹਿਤ ਦੀ ਭੇਟਾ ਕੀਤੀਆਂ ਹਨ। ਇਹਨਾਂ ਦੀ ਸਾਹਿਤ ਸੇਵਾ ਜਿੱਥੇ ਗਿਣਾਤਮਕ ਪੱਖੋਂ ਮਹੱਤਵਪੂਰਣ ਹੈ ਉੱਥੇ ਗੁਣਾਤਮਕ ਪੱਖੋਂ ਵੀ ਵੱਡਾ ਮੁੱਲ ਰੱਖਦੀ ਹੈ। ਜ਼ਾਹਰ ਹੈ ਕਿ ਉਹਨਾਂ ਦੀ ਹਥਲੀ ਪੁਸਤਕ ਉਹਨਾਂ ਦੀਆਂ ਹੋਰਨਾਂ ਕਿਰਤਾਂ ਦੀ ਤਰ੍ਹਾਂ ਨਵੀਂ ਨਰੋਈ ਸੇਧ ਦਾ ਇਜ਼ਹਾਰ ਕਰੇਗੀ।

ਪਾਠਕਾਂ ਦੀ ਸੌਖ ਲਈ ਲੇਖਕ ਨੇ ਮੂਲ ਮਸਲੇ ਦੇ ਵਿਚਾਰ ਹਿਤ ਅੰਤਿਕਾ ਸਮੇਤ ਪੁਸਤਕ ਨੂੰ 12 ਸਬ ਸਿਰਲੇਖਾਂ ਵਿੱਚ ਵੰਡ ਕੇ ਮੁੱਖ ਸਿਰਲੇਖ ਦੇ ਆਸ਼ੇ ਦੀ ਪੂਰਤੀ ਅਧੀਨ ਵਿਚਾਰਿਆ ਹੈ। ਜਾਪਦਾ ਹੈ ਇਹ ਪੁਸਤਕ ਗੁਰਮਤਿ ਵਿਚਾਰਧਾਰਾ, ਪਰਖ ਤੇ ਪ੍ਰਚਾਰ ਦੇ ਦ੍ਰਿੜ ਸੰਕਲਪ ਹਿਤ ਰਚੀ ਗਈ ਹੈ। ਲੇਖਕ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇ ਆਗਮਨ ਤੋਂ ਪਹਿਲਾਂ ਧਰਮ ਸ਼ਾਸ਼ਤਰਾਂ ਨੇ ਕੰਮ ਨੂੰ ਧਰਮ ਨਾਲੋਂ ਨਿਖੇੜ ਕੇ ਮੋਖ ਪ੍ਰਾਪਤੀ ਲਈ ਅਸਫਲ ਤੇ ਬੇਬੁਨਿਆਦ ਯਤਨ ਅਰੰਭੇ ਹੋਏ ਸਨ। ਗੁਰਮਤਿ ਅਨੁਸਾਰ ਚਲਾਏ ਮਾਰਗਾਂ ਰਾਹੀਂ ਉਸ ਦੇ ਕੰਮ ਨੂੰ ਮੋਖ ਪ੍ਰਾਪਤੀ ਲਈ ਸਿੱਧੇ ਤੌਰ ਤੇ ਜੋੜਿਆ ਗਿਆ ਹੈ। ਗੁਰੂ ਸਾਹਿਬਾਂ ਨੇ ਇਸ ਧਰਤਿ ਧਰਮਸ਼ਾਲਾ ਨੂੰ 200 ਸਾਲ ਤੱਕ ਪ੍ਰਯੋਗਸ਼ਾਲਾ ਬਣਾਈ ਰੱਖਿਆ। ਧਰਮ ਕਰਮ ਦੇ ਇਸ ਲੰਮੇ ਪ੍ਰਯੋਗ ਨੇ ਪੀੜ੍ਹੀ ਦਰ ਪੀੜ੍ਹੀ ਪਰਪੱਕਤਾ ਲਿਆਂਦੀ।

ਲੇਖਕ ਵਲੋਂ ਸੰਗਤ ਦੀ ਵਡਿਆਈ ਵਾਲਾ ਨੁਕਤਾ ਨਿੱਜੀ ਹਉਮੈਂ ਦੇ ਤਿਆਗ ਹਿਤ ਵਿਚਾਰਯੋਗ ਕਦਮ ਹੈ। ਗੁਰੂ ਘਰ ਵਿੱਚ ਸੇਵਕਾਂ ਨੂੰ ਵਡਿਆਈ ਮਿਲਦੀ ਰਹੀ ਹੈ। ਭਾਈ ਲਹਿਣਾ ਜੀ ਅਤੇ ਗੁਰੂ ਅਮਰਦਾਸ ਜੀ ਨੇ ਤਾਂ ਸੇਵਾ ਕਰਕੇ ਗੁਰ ਗੱਦੀਆਂ ਵੀ ਪ੍ਰਾਪਤ ਕੀਤੀਆਂ। ਗੁਰਮਤਿ ਵਿੱਚ ਨਿੱਜ ਤੋਂ ਪਰ ਵਲ ਦਾ ਸਫਰ ਤਹਿ ਹੋਇਆ ਮਿਲਦਾ ਹੈ। ਅਸਲ ਵਿੱਚ ਮਧਕਾਲੀਨ ਚਿੰਤਨ ਪੰਜ ਪ੍ਰਧਾਨੀ ਚਿੰਤਨ ਹੈ ਜੋ ਗੁਰਮਤਿ ਤੋਂ ਬਿਨਾਂ ਕਿੱਸਾਕਾਵਿ ਵਿੱਚ ਵੀ ਉਜਾਗਰ ਹੋਇਆ ਮਿਲਦਾ ਹੈ। ਹੁਣ ਦੁਖਾਂਤ ਇਹ ਹੈ ਕਿ ਅਜੋਕਾ ਮਨੁੱਖ ਸਮੂਹਿਕਤਾ ਨਾਲੋਂ ਟੁੱਟ ਚੁੱਕਾ ਹੈ ਤੇ ਉਹ ਨਿੱਜ ਦੀ ਸਿੱਪੀ ਵਿੱਚੋਂ ਨਿਕਲਣ ਲਈ ਤਿਆਰ ਨਹੀਂ। ਅਜਿਹੇ ਸਮਿਆਂ ਵਿੱਚ ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ ਵਾਲਾ ਬਚਨ ਕਿਵੇਂ ਦ੍ਰਿੜਾਇਆ ਜਾਵੇ?

ਸੰਪੂਰਨ ਗਿਆਨ ਦੀ ਪ੍ਰਾਪਤੀ ਲਈ ਗੁਰਮਤਿ ਵਿਚਾਰਧਾਰਾ ਨੂੰ ਇੱਕੋ ਲੜੀ ਅਧੀਨ ਵਿਚਾਰੇ ਜਾਣ ਲਈ ਲੇਖਕ ਵਲੋਂ ਜੋਰ ਦਿੱਤਾ ਗਿਆ ਹੈ। ਦਸ ਗੁਰ ਇੱਕ

★ ਪਿੰਡ ਬਾਸੀਆਂ ਬੈਦਵਾਣ, ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ

ਜੋਤ ਦੇ ਸੰਕਲਪ ਨੂੰ ਮੰਨਣ ਲਈ ਇਸ ਪੁਸਤਕ ਤੋਂ ਬਿਨਾਂ ਹੋਰਨਾਂ ਰਹਿਤਨਾਮਿਆਂ ਵਿੱਚ ਵੀ ਸਮਝਾਇਆ ਗਿਆ ਹੈ। ਸਾਰੇ ਗੁਰੂਆਂ ਨੇ ਆਪਣੀ ਕਹਿਣੀ ਤੇ ਕਰਨੀ ਵਾਲੀ ਅਭੇਦਤਾ ਵਾਲੇ ਆਪੇ ਨੂੰ ਬਾਣੀ ਰਾਹੀਂ ਗੁਰੂ ਗ੍ਰੰਥ ਸਾਹਿਬ ਵਿੱਚ ਅਭੇਦ ਕਰ ਦਿੱਤਾ। ਪ੍ਰੋ. ਪਦਮ ਜੀ ਨੇ ਅਨੇਕਾਂ ਥਾਵਾਂ ਤੋਂ ਪ੍ਰਮਾਣਿਤ ਵੇਰਵੇ ਦੇ ਕੇ ਅਸਲ ਨਿਸ਼ਾਨੇ ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ ਹੈ। ਕਈ ਥਾਵਾਂ ਤੇ ਪ੍ਰਸੰਗਕਤਾ ਇਤਨੀ ਢੁਕਵੀਂ ਹੈ ਕਿ ਸਹਿਜੇ ਹੀ ਉਸ ਤੋਂ ਮੁਨਕਰ ਹੋਣਾ ਸੰਭਵ ਨਹੀਂ। ਗੁਰੂ ਮਾਰਗ ਦੇ ਸਫ਼ਰ ਦੇ ਵਿਸਥਾਰ ਨੂੰ ਸੰਖਿਪਤ ਕਰਦਿਆਂ ਪੰਜਾਬੀ ਦਾ ਪ੍ਰਸਿਧ ਸ਼ਾਇਰ ਸੁਰਜੀਤ ਪਾਤਰ ਇਸ ਦੀ ਗਵਾਹੀ ਇਸ ਤਰ੍ਹਾਂ ਭਰਦਾ ਹੈ :

*ਬਣਨਾ ਪਿਆ ਹੈ ਤੇਗ਼ ਵੀ ਭਾਵੇਂ ਰਬਾਬ ਤੋਂ*
*ਪਰ ਹਰ ਰੂਪ ਵਿੱਚ ਬੇ ਕਸ ਦਾ ਯਾਰ ਹਾਂ।*

ਖਾਲਸਾਈ ਰਹਿਣੀ ਬਹਿਣੀ ਨਾਲ ਪੰਜਾਬ ਦੀ ਧਰਤੀ ਤੇ ਮਨੁੱਖੀ ਸਭਿਆਚਾਰ ਹੋਂਦ ਵਿੱਚ ਆਇਆ। ਜੋ ਵਿਚਾਰ ਗੁਰੂ ਨਾਨਕ, ਸ਼ੇਖ ਫਰੀਦ ਅਤੇ ਭਗਤ ਕਬੀਰ ਵਰਗੇ ਸੰਤਾਂ ਮਹਾਂਪੁਰਸ਼ਾਂ ਨੇ ਗੁਰਬਾਣੀ ਰਾਹੀਂ ਦਿੱਤੇ ਉਹਨਾਂ ਨੂੰ ਖਾਲਸਾਈ ਜੀਵਨ ਸ਼ੈਲੀ ਰਾਹੀਂ ਭਰਪੂਰ ਹੁੰਗਾਰਾ ਮਿਲਿਆ। ਕਿਸੇ ਔਖੇ ਕਾਰਜ ਦੀ ਪੂਰਤੀ ਹਿਤ ਮਨੁੱਖ ਲਈ ਸਭ ਤੋਂ ਵੱਡਾ ਡਰ ਮੌਤ ਦਾ ਹੁੰਦਾ ਹੈ। ਖਾਲਸਾ ਆਦਰਸ਼ ਜੀਵਨ ਦੇ ਜੀਉਣ ਅਤੇ ਇਸ ਦੇ ਪ੍ਰਚਾਰ ਹਿਤ ਸੰਸਾਰ ਦੀਆਂ ਹੋਰਨਾਂ ਕੌਮਾਂ ਨਾਲੋਂ ਵੱਧ ਸਫ਼ਲ ਇਸ ਲਈ ਹੋ ਸਕਿਆ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੇ ਜਨਮ ਵੇਲੇ ਹੀ ਮੌਤ ਦਾ ਭੈਅ ਇਸ ਵਿੱਚੋਂ ਮਨਫ਼ੀ ਕਰ ਦਿੱਤਾ ਸੀ। ਪਰ ਸਮਾਂ ਵਿਹਾ ਕੇ ਪ੍ਰਚਲਿਤ ਹੋ ਰਹੀਆਂ ਕੁਰਹਿਤਾਂ ਨੂੰ ਲੇਖਕ ਸਾਡੇ ਲਈ ਇੱਕ ਵੰਗਾਰ ਕਹਿੰਦਾ ਹੈ ਅਤੇ ਇਸ ਪਾਸੇ ਜਾਣ ਤੋਂ ਪਹਿਰੇਦਾਰ ਦੀ ਤਰ੍ਹਾਂ ਵਰਜਦਾ ਹੈ। ਲੇਖਕ ਦੀ ਪ੍ਰੇਰਨਾ ਭੁੱਲੇ ਭਟਕਿਆਂ ਨੂੰ ਆਪਣੇ ਮੂਲ ਨਾਲ ਜੁੜਨ ਲਈ ਉਤਸ਼ਾਹਿਤ ਕਰਦੀ ਪ੍ਰਤੀਤ ਹੁੰਦੀ ਹੈ।

ਅਠ੍ਹਾਰਵੀਂ ਸਦੀ ਦੇ ਸ਼ੁਰੂ ਵਿੱਚ ਜਦੋਂ ਇਕੱਲਾ ਇਕੱਲਾ ਸਿੱਖ ਆਪਣੇ ਆਪ ਨੂੰ ਫ਼ੌਜ ਅਖਵਾਉਣ ਲੱਗਾ ਤਾਂ ਬੋਲਚਾਲ ਦੇ ਲਹਿਜਿਆਂ ਵਿੱਚ ਆਈ ਜਬਰਦਸਤ ਕ੍ਰਾਂਤੀ ਨੇ ਸਭ ਕੁਝ ਨੂੰ ਨਵੇਂ ਸਿਰਿਓਂ ਵੇਖਣ-ਪਰਖਣ ਲਈ ਮਜਬੂਰ ਕਰ ਦਿੱਤਾ। ਚੜ੍ਹਦੀ ਕਲਾ ਦੇ ਪ੍ਰਤੀਕ ਖਾਲਸੇ ਨੇ ਸਮੁੱਚੇ ਵਾਤਾਵਰਣ ਨੂੰ ਚੜ੍ਹਦੀ ਕਲਾ ਵੱਲ ਤੋਰ ਲਿਆ। ਚੜ੍ਹਦੀ ਕਲਾ ਦੇ ਬੋਲੇ ਜਿੱਥੇ ਦੁਸ਼ਮਣ ਨੂੰ ਚਿੜ੍ਹਾਉਣ ਲਈ ਵਰਤੇ ਜਾਂਦੇ ਸਨ ਉੱਥੇ ਉਹ ਆਪਣੇ ਆਪ ਅੰਦਰ ਆਈ ਗੌਰਵਮਈ ਤਬਦੀਲੀ ਦੇ ਸੂਚਕ ਵੀ ਸਨ। ਲੇਖਕ ਨੇ ਇਸ ਸਾਰੇ ਵਾਰਤਾਲਾਪ ਵਿੱਚ ਜਜਬੇ ਦੀ ਤੀਖਣਤਾ, ਕਾਵਿਕ ਬੋਲਾਂ ਦੀ ਮਿਠਾਸ, ਸਾਦਗੀ ਭਰਪੂਰ ਸਪਸ਼ਟਤਾ, ਜ਼ਿੰਦਗੀ ਦੀ ਸਰਲਤਾ ਅਤੇ ਵਿਹਾਰ ਦੀ ਤਰਲਤਾ ਨੂੰ ਮੁਖ ਵਿਸ਼ੇ ਨਾਲ ਇਕਸੁਰ ਕਰਕੇ ਪੇਸ਼ ਕੀਤਾ ਹੈ। ਪਦਮ ਜੀ ਨੇ ਆਪਣੇ ਵਿਸ਼ਾਲ ਤਜਰਬੇ ਦੀ ਰੰਗਣ ਇਸ ਲਿਖਤ ਵਿੱਚ ਚਾੜ੍ਹ ਦਿੱਤੀ ਹੈ।

ਇਸ ਤੋਂ ਇਲਾਵਾ ਮੁਗਲਾਂ ਤੇ ਸਿੰਘਾਂ ਦੀਆਂ ਲੜਾਈਆਂ ਦਾ ਦ੍ਰਿਸ਼ ਵਰਨਣ ਪਦਮ ਜੀ ਨੇ ਬਾਖੂਬੀ ਚਿਤ੍ਰਿਆ ਹੈ। ਪੁਸਤਕ ਦਾ ਮੂਲ ਪਾਠ ਕਰਦਿਆਂ ਪਾਠਕ ਬਿਰਤਾਂਤ ਨਾਲ ਇਸ ਕਦਰ ਜੁੜ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਜੰਗ ਦੇ ਮੈਦਾਨ ਵਿੱਚ ਹੀ ਜੂਝ ਰਿਹਾ ਮਹਿਸੂਸ ਕਰਦਾ ਹੈ। ਉਹ ਸਾਹਿਤ ਹੀ ਕੀ ਹੈ ਜੋ ਉਸ ਦੇ ਪੜ੍ਹੇ ਜਾਣ ਵੇਲੇ ਪਾਠਕ ਅੰਦਰ ਕਿਸੇ ਹੋ ਰਹੀ ਟੁੱਟ ਭੱਜ ਦਾ ਅਹਿਸਾਸ ਨਹੀਂ ਕਰਾਉਂਦਾ। ਜੰਗਲਾਂ ਵਿੱਚ ਦਿਨ-ਕਟੀ ਕਰ ਰਹੇ ਸਿੰਘਾਂ ਵੱਲੋਂ ਬਾਦਸ਼ਾਹੀ ਲਸ਼ਕਰਾਂ ਨਾਲ ਟੱਕਰ ਲੈਣ ਵਾਲੀ ਗੱਲ ਦੁਨੀਆਂ ਦੇ ਜੰਗਾਂ ਯੁੱਧਾਂ ਦੇ ਇਤਿਹਾਸ ਵਿੱਚ ਚਮਤਕਾਰੀ ਤੇ ਨਿਵੇਕਲੀ ਕਿਸਮ ਦੇ ਮਾਪਦੰਡ ਸਿਰਜਦੀ ਹੈ।

ਪ੍ਰੋ. ਪਿਆਰਾ ਸਿੰਘ ਪਦਮ ਕੋਲ ਜਾਣਕਾਰੀ ਦੇ ਭਰਪੂਰ ਭੰਡਾਰ ਹਨ। ਉਹਨਾਂ ਨੇ ਦੇਸੀ ਵਿਦੇਸ਼ੀ ਵਿਦਵਾਨਾਂ ਵਲੋਂ ਸਿੱਖਾਂ ਬਾਰੇ ਪ੍ਰਗਟਾਏ ਵਿਚਾਰਾਂ ਨੂੰ ਇਸ ਪੁਸਤਕ ਰਾਹੀਂ ਸਾਡੇ ਨਾਲ ਸਾਂਝਾ ਕੀਤਾ ਹੈ। ਸਾਰੇ ਵਿਦਵਾਨਾਂ ਦੇ ਵਿਚਾਰ ਇੱਕ ਤੋਂ ਇੱਕ ਮਾਅਰਕੇ ਵਾਲੇ ਹਨ। ਪੁਸਤਕ ਦੇ ਪੰਨਾ 146 ਤੇ ਜੋਜ਼ਫ਼ ਡੇਵਡ ਕਨਿੰਘਮ ਦੇ ਵਿਚਾਰ ਨੂੰ ਕੇਂਦਰੀ ਨੁਕਤੇ ਦੇ ਤੌਰ ਤੇ ਰੱਖਿਆ ਜਾ ਸਕਦਾ ਹੈ ਉਹ ਕਹਿੰਦਾ ਹੈ :

ਸਿੱਖਾਂ ਅੰਦਰ ਇੱਕ ਜੀਉਂਦੀ-ਜਾਗਦੀ ਸਪਿਟ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਚਮਤਕਾਰੀ ਮੋਹਰ ਛਾਪ ਨੇ ਉਨਾਂ ਦੇ ਮਨ ਹੀ ਨਹੀਂ ਬਦਲੇ ਸਗੋਂ ਉਨ੍ਹਾਂ ਦੇ ਤਨਾਂ ਦਾ ਵੀ ਕਾਇਆ ਕਲਪ ਕਰ ਦਿੱਤਾ। ਸਮੂੰਹ ਸਿੰਘਾਂ ਦੇ ਨੈਣ ਨਕਸ਼, ਚੇਹਰੇ ਮੋਹਰੇ, ਸੋਹੇ ਸਵਾਰੇ ਦਿਸਦੇ ਹਨ। ਹਰ ਇੱਕ ਸਿੱਖ ਸਰਦਾਰ ਆਪਣੇ ਸਰਕਾਰੀ ਠਾਠ-ਬਾਠ, ਆਜਾਦਾਨਾ ਤੇ ਮਰਦਾਨਾ ਚਾਲ ਕਾਰਨ ਗੰਭੀਰ ਬਿਰਤੀ ਵਾਲਾ, ਰੂਹਾਨੀ ਰੰਗ-ਰੱਤੇ ਆਪਣੇ ਹਜ਼ੂਰੀ ਗ੍ਰੰਥੀ ਤੋਂ

ਕਈ ਬਹੁਤਾ ਅਲਹਿਦਾ ਨਹੀਂ ਜਾਪਦਾ (ਏ ਹਿਸਟਰੀ ਆਫ ਦੀ ਸਿਖਜ਼, 1849)।

ਲੇਖਕ ਨੇ ਅਕਾਲ ਤਖਤ ਦੀ ਮਹਾਨਤਾ ਨੂੰ ਨਿਸਚਿਤ ਕਰਦਿਆਂ ਸਿੱਖਾਂ ਦੇ ਮਾਣ ਸਤਿਕਾਰ ਦਾ ਪ੍ਰਤੀਕ ਅਤੇ ਗੁਰੂ ਪੰਥ ਦਾ ਸਿੰਘਾਸਨ ਕਰਾਰ ਦਿੱਤਾ ਹੈ। ਲੇਖਕ ਚਾਹੁੰਦਾ ਹੈ ਕਿ ਪੰਥ ਪਰਿਵਾਰ ਦੇ ਮਸਲੇ ਧਾਰਮਿਕ ਅਕੀਦੇ ਅਨੁਸਾਰ ਹੀ ਹੱਲ ਹੋਣ। ਇਸੇ ਤਰ੍ਹਾਂ ਪੰਥ ਦਾ ਵਾੱਲੀ ਪੁੱਛਦਾ ਹੈ ਸਿਰਲੇਖ ਅਧੀਨ ਲੇਖਕ ਨੇ ਬੜੇ ਸੰਜੀਦਾ ਮਸਲਿਆਂ ਵੱਲ ਇਸ਼ਾਰਾ ਕੀਤਾ ਹੈ। ਉਹਨਾਂ ਨੇ ਪਾਠਕ ਨੂੰ ਇਤਿਹਾਸਕ ਵੇਰਵਿਆਂ ਦੀ ਪਛਾਣ ਕਰਾ ਕੇ ਬੜੀ ਨਿੱਗਰ ਸੇਧ ਦਿੱਤੀ ਹੈ। ਜੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇ ਤਾਂ ਉਨ੍ਹਾਂ ਦੇ ਸੁਝਾਵਾਂ ਦਾ ਸੁਆਗਤ ਕਰਨਾ ਬਣਦਾ ਹੈ। ਪੁਸਤਕ ਵਿਚਲੇ ਵਡਮੁਲੇ ਸੁਝਾਅ ਜੇ ਕਿਧਰੇ ਅਮਲ ਵਿੱਚ ਆ ਜਾਣ ਤਾਂ ਖਾਲਸਾ ਪੰਥ ਆਪਣੇ ਵਿਰਸੇ ਪ੍ਰਤੀ ਜਾਗਰੂਕ ਹੁੰਦਾ ਹੋਇਆ ਨਵੀਆਂ ਬੁਲੰਦੀਆਂ ਛੋਹ ਸਕਣ ਦੇ ਸਮਰਥ ਹੋ ਸਕਦਾ ਹੈ।


*ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ*

**ਗੁਰਸਿੱਖ ਸੰਜੋਗ**

(ਪੰਦਰਾ–ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੈਨਸ਼ਨ
ਲੁਧਿਆਣਾ – 141 002

With compliments from
*M. S. Wadhawan*
Director

**GURPREET PAPER MILLS (P) LTD.**
K.L.M. Chambers, Show Room No. 7,
Madhya Marg, Sector: 7-C, Chandigarh
Factory at Village Karakka
Chandigarh Rajpura Road

Fac. 0172-82579
(O) 0172-771632
(R) 0172-704269
0172-701450
Pager: 9612-1223

With compliments from
*S. Santokh Singh Walia*

268, Sukhdev Vihar, Backside of Rehab Centre &
Opposite of Don Bosco Institute
New Delhi 110 025 Phone: 6911239

*STATE OF ART HEARING AIDS*
*AVAILABLE IN ALL MODELS*

BONE CONDUCTION SPECTACLE
AIR CONDUCTION SPECTACLE
IN THE CANAL
BEHIND THE EAR
POCKET MODEL
AND
*MANY MORE ATTRACTIVE MODELS*

visit

Dr. PREETI AHUJA

*Sounds*

**THE HEARING AID PEOPLE**
C - 353, DEFENCE COLONY
NEW DELHI 110 024
PHONE : 011 - 4620485

# ABRAHAM LINCOLN'S LETTER TO HIS SON'S TEACHER

He will have to learn, I know,
that all men are not just,
all men are not true.
But teach him also that
for every scoundrel there is a hero,
that for every selfish politician,
there is a dedicated leader....

Teach him that for every enemy
there is a friend.
It will take time, I know;
but teach him, if you can,
that a dollar earned is
of far more value than five found....
teach him to lose....
and also to enjoy winning.

Steer him away from envy, if you can;
teach him the secret of quiet laughter,
teach him, if you can,
the wonder of books....
But also give him quiet time
to ponder the eternal mystery
of birds in the sky,
bees in the sun,
and flowers on a green hillside.

In school teach him
it is far more honourable to fail
than to cheat.
Teach him to have faith in his own ideas,
even if everyone tells him they are wrong....
Teach him to be gentle with gentle people,
and tough with the tough.

Try to give my son
the strength not to follow the crowd
when everyone is getting on the band
wagon.
Teach him to listen to all men....
but teach him also to filter all he hears
on a screen of truth,
and take only the good that comes through.
Teach him, if you can,
how to laugh when he is sad....
Teach him there is no shame in tears.

Teach him to scoff at cynics
and to beware of too much sweetness....
Teach him to sell his brawn
and brain to the highest bidders,
but never to put a price tag
on his heart and soul.

Teach him to close his ears to a howling mob
and to stand and fight.
Treat him gently,
but do not cuddle him, because
only the test of fire makes fine steel.
Let him have the courage to be
impatient
let him have the patience to be brave.

Teach him always
to have sublime faith in himself,
because, then, he will always have
sublime faith in humankind.

This is a big order,
but see what you can do....
He is such a fine little fellow,
my son.

## ਲੇਖਕਾਂ ਲਈ ਬੇਨਤੀ

ਪਾਠਕਾਂ ਦੀ ਜਾਣਕਾਰੀ ਲਈ
ਲੇਖਕ ਆਪਣੀ ਰਚਨਾ ਦੇ ਨਾਲ ਆਪਣਾ
ਜੀਵਨ-ਵੇਰਵਾ, ਜਨਮ ਮਿਤੀ, ਪਿਤਾ/ਮਾਤਾ ਦਾ ਨਾਮ, ਜਨਮ ਸਥਾਨ,
ਸਕੂਲ/ਕਾਲਜ ਆਦਿ ਦੀ ਸਿਖਿਆ, ਕੰਮ/ਕਿੱਤਾ, ਪ੍ਰਕਾਸ਼ਿਤ ਪੁਸਤਕਾਂ ਦਾ ਵੇਰਵਾ,
ਹੋਰ ਪ੍ਰਾਪਤੀਆਂ, ਸ਼ੌਕ ਆਦਿ ਭੇਜਣ ਦੀ ਖੇਚਲ ਕਰਨ।

# Religious Sects Include a Philosophy & Symbols/Rituals

**Tarninder Singh** ★

*Two aspects of religious sects:* Every religious sect includes two aspects:

1. The inner philosophy for improving the *invisible* mind; and

2. The outer symbols/rituals/systems for the *visible* body.

*Role of a set of new rituals/symbols:* Mostly, every community starts a system of rituals and symbols in order to create a separate identity. This separateness has one purpose and that is to break-away from the wrong image acquired by the existing set of symbols/ rituals.

*Example:* This can be compared to a marketing strategy used by a company to repackage an existing product and rename it. People in consumer marketing will recall that around ten years back the 'Pepsodent' brand of tooth-paste of Hindustan Lever had a negligible market share. Recently the company revamped its advertisement and has propped up this brand. It is unlikely that the chemical composition of this tooth-paste has changed much.

*Example:* After America was discovered and populated by Europeans, the new settlers (Americans) deliberately chose systems, which opposed British systems. By doing so, they expressed their 'break-away' image. Like, Americans drive vehicles on the right side of the road, while the British drive on the left side. In America, government control of industry is negligible, compared to that in Britain.

*Example:* Islamic languages write from right to left; as compared to Indian languages which write from left to right. Here too, the purpose is to display a 'different/ break-away' image. Each group/ method can keep arguing which of them is better. But there will be no winner in this debate.

*Visibility and tangibility of symbols:* There is another reason to have a set of rituals/ symbols. God is invisible and an abstract concept, so it becomes difficult for most people and children to relate to it. Therefore, rituals/ symbols give the common man a tangible system/ object to attach their faith. Rituals/ systems create a distinct identity- so that its followers can recognise each other. Like each country has a distinct flag/ emblem - to aid recognition.

The symbols/ rituals are like a tangible brand-name of a company which convey the intangible, but more important reputation of the company. For example, the brand name of 'Mercedes' and its 'three-pointed star' reflects the high quality products made by this German automobile company. If the product's quality deteriorates, the brand name cannot increase profits of the company. Take the case of 'McKinsey' a world-class consulting firm which sells 'knowledge', an invisible product. Its brand name has a more difficult task - to communicate the quality of an intangible product. Religion is comparable to this. The goal/ end-product is peace-of-mind/ salvation, which is invisible. Therefore marketing religion is more difficult and

★ B-304, Salvodar, Four Bunglows, Shastri Nagar, Andheri (West), Mumbai 400 053

requires the genius of a Guru.

*Understanding the message conveyed by the symbols is important:* When a Spiritual Guru starts a set of symbols/ procedures, He intends/ hopes that these symbols will convey a deeper message to the mind of the followers. Unfortunately over a period of time, the inner message gets lost/distorted. And the followers mechanically follow these rituals/ symbols, without the inner understanding or commitment towards them. People perform these acts outwardly out of fear of parents/ society.

Merely *imitating* a symbol/ ritual/ procedure is of little use - unless our mind is benefited/ guided by this outward act/ symbol/ A symbol is useful to the user only if it conveys a message of his Guru.

*Examples:*

1. Consider the ceremony of marriage. It is supposed to signify unification of two minds. But the ceremony alone cannot ensure this. Actual marital bliss can come only from a sustained effort from both sides. If this is absent, the ceremony itself cannot save the marriage. Every ceremony is only an initiation and needs to be followed up with sustained efforts to achieve the goal.

2. Every student purchases all the text-books, compass-box, lunch-box etc. But only a few use these tools to acquire complete education. Unfortunately, most students carry these things to school as a mechanical routine. In the exam, each student is judged based on his knowledge. Suppose a student carries all his books etc. to school but does not acquire knowledge, will he be promoted?

3. In the Gurudwara, every person bows to the Holy Book. While the physical action is same, there is a vast difference between the inner attitude of the mind of a Saint and that of a sinner. When the Saint bows, he actually surrenders himself (and his ego) to the Higher wisdom of the Holy Book. On the other hand the sinner bows with no such feelings, (else, he would stop sinning).

4. While sitting in the Gurudwara, the Saint is fully attentive to the Gurbani. But most of us are attentive to our friends in the Gurudwara.

5. Both, the Saint and the sinner, utter 'Waheguru'. But, the Saint attains salvation because of his commitment behind this uttering. For the sinner, there is hardly any change. If by merely uttering a word, a person could be liberated, then even the sinner would reach heaven. Also, in that case, even a trained parrot should get salvation. Is getting salvation so easy? Only one in a crore may reach it !

* *'Kabir, raam kahen meh bhed hai, ta meh ek bichaar,*
*soi raam sabhe kahe, soi kautak haar'*
(GGS: 1374; Slok Kabir: 190)

Implying the vast difference in the manner in which people meditate. Most of us meditate casually/mechanically, only few meditate by truly believing in God to be the Creator.

*Message is important in the symbol:* Gurbani tells us:

* *'Prabh ka simran sabh te uuchaa'*
(GGS: 263, Sukhmani, 1.4), or

* *'Naam tul kachh avar na hoi'*

(GGS: 265, Sukhmani 2.8)

Therefore nothing can be superior to 'Naam simran'. If *only* a symbol can give me credit in God's house, then the symbol becomes superior (or the deciding) factor than 'Naam simran'. This contradicts a proper understanding of Gurbani.

*All symbols are destructible:* Symbols and our body/ mind is destructible. Only 'Naam' is invincible.

* *'Jo disay, so chaalan haar'*

(GGS: 268, Sukhmani, 5.3)

Implying that every visible thing is destructible.

* *'Jo upajiyo so binas hai, paro aaj ke kaal'*

(GGS: 1429; Slok M:IX:52)

Implying that everything that has been created, will perish someday. Only the spiritual merit of 'Naam simran' cannot be destroyed by any power on earth.

* *'Simro simar, simar sukh paavo, saas saas samaale.*

*Eih lok-parlok sang sahaaji, jat kat mohe rakhwaale. Gur ka bachan, basae jee (a) naale.*

*Jal nahi dduube, tasker nahi levae, bhaae naa saake jaalae.'*

(GGS: 679; AK: 382)

Implying that 'naam simran/gian' cannot be robbed or destroyed in by fire/ water. It saves the seeker in this world and the next. 'Naam', alone is *indestructible.*

The GGS quote [true] Saints such as Dhru, Prahlad attained salvation because of 'Naam simran'. Also, Ajaamal, Ganika and Draupadi were saved, because they remembered God.

Surely, if rituals/ symbols were more important, then they would find a mention in the Guru Granth Sahib, our eternal Guru. Everyday agrees that Gurbani is Complete and Prefect.

* *'Raam japo ji aise aise dhru prahlaad japiyo har jaise'*

(GGS: 337; AK: 176)

* *' Har ko naam sadaa sukhdai, jaako simar ajaamal udhario, gankaa hu gat paayi, panchaali ko raaj sabhaa mein, raam naam sudh aaiyi'*

(GGS: 1008; AK: 359)

* *'Mann re prabh ki saran bichaaro, jeh simrat gankaa si udhari, taako jas urdhaaro; atal bhayo dhru, jaake simran ar nirbhai pad paayaa.. ajaamal paapi jag jaane, nimakh maahe nistaaraa'*

(GGS: 632; AK: 369)

* *'Kuur kiyaa urjiyo sabh hi jag, sri bhagvaan ko bhed na paayio'*

(Svayiye, Guru: X)

* *'Avar kartut sagli jamm ddanay, gobind bhajaan bin til nahin maane'*

(GGS: 266, Sukhmani, 3.4)

* *'Naanak sache naam bin, kyaa ttikaa, kyaa tagg'*

(GGS: 467, Aasaa-di-waar: 8)

Some seniors tell me that they are obeying what the Gurus' instructions. But Guru Granth Sahib repeatedly reminds us to do continuous 'Naam simarn' which we conveniently forget. And we cling on to those instructions which are easy to follow. Going back to an example. While sending the child to school, the mother tells him to study and to have his lunch on time. But alas, most children remember to have their lunch and merrily forget to study.

Since 'Naam simran' is paramount and

also most difficult to perform, our Gurus repeatedly remind us about it. It is my estimation that around 60% of the verses of GGS emphasise this point.

Take another example, as a parent what do we remind our children often about? Studies or picnics? Obviously, studies. Because they are more essential for the child also more difficult to perform.

*Conclusions:*

1. Symbols / systems are the visible aspect of religion.

2. They convey an important message to the mind - only then they are useful to the follower.

3. Divinity occurs only when the mind is purified. So every symbol/act has to be linked to the mind.

4. Adopting a symbol without understanding its inner message, may have negligible merit.


**ਜਰੂਰੀ ਸੂਚਨਾ**

ਜਿਹੜੇ ਪਾਠਕ-ਜਨ 'ਅੰਮ੍ਰਿਤ ਕੀਰਤਨ' ਮੁਫਤ ਪ੍ਰਾਪਤ ਕਰ ਰਹੇ ਹਨ ਉਹਨਾਂ ਪ੍ਰਤੀ ਬੇਨਤੀ ਹੈ ਕਿ ਇਹ ਸੁਵਿਧਾ ਕੇਵਲ ਇੱਕ ਸਾਲ ਲਈ ਹੈ। ਇੱਕ ਸਾਲ ਤੋਂ ਬਾਅਦ ਜੇਕਰ ਉਹ ਇਸ ਪਰਚੇ ਨੂੰ ਜਾਰੀ ਰੱਖਣਾ ਚਾਹੁੰਦੇ ਹਨ ਤਾਂ ਉਹ ਜਾਂ ਤਾਂ ਸੰਪਾਦਕ ਨੂੰ ਇਸ ਬਾਰੇ ਲਿਖਣ ਜਾਂ ਆਪਣਾ ਚੰਦਾ ਭੇਜਣ ਦੀ ਖੇਚਲ ਕਰਨ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇਗਾ ਜੀ।

**ਅੰਮ੍ਰਿਤ ਕੀਰਤਨ ਟਰਸਟ, 422, ਸੈਕਟਰ 15-ਏ, ਚੰਡੀਗੜ੍ਹ**

With compliments from
Harnam Singh

Phone: 038543 - 366

**NATIONAL MEDICAL STORE**

Moreh (Manipur) Pin - 795 131

# 1202/5, Mohali Phone: 221267

ਵਿਚਿ ਦੁਨੀਆ ਸੇਵ ਕਮਾਈਐ ॥ ਤਾਂ ਦਰਗਹ ਬੈਸਣੁ ਪਾਈਐ ॥

**ਸੇਵਕਸ' ਚੈਰੀਟੇਬਲ ਟਰਸਟ (ਰਜਿ.)**

ਐਸ ਸੀ ਓ: 1104-05, ਸੈਕਟਰ: 22-ਬੀ, ਚੰਡੀਗੜ੍ਹ

ਫੋਨ: 701238, 713915, 701396

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ੴ ਸਤਿਗੁਰ ਪ੍ਰਸਾਦਿ ॥ | There is but one God. Through the True Guru's favour He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪਰਾਪਤ ਹੁੰਦਾ ਹੈ। |
| ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ ॥ | Eulogy by the Fourth Guru in Sri Rag with slokas. | ਸਿਰੀ ਰਾਗ ਵਿੱਚ ਜੱਸ-ਮਈ ਕਵਿਤਾ, ਚਉਥੀ ਪਾਤਸ਼ਾਹੀ ਦੀ, ਸਲੋਕਾਂ ਦੇ ਨਾਲ। |
| ਸਲੋਕ ਮਃ ੩ ॥ | Slok Third Guru. | ਸਲੋਕ, ਤੀਜੀ ਪਾਤਸ਼ਾਹੀ। |
| ਰਾਗਾ ਵਿਚ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥ | Amongst strains Sri Rag is the best strain, if through it one comes to enshrine affection for the True Lord. | ਰਾਗਾਂ ਅੰਦਰ, ਸ੍ਰੀ ਰਾਗ ਸਭ ਤੋਂ ਵਧੀਆ ਰਾਗ ਹੈ, ਜੇਕਰ ਇਸ ਦੇ ਰਾਹੀਂ ਪ੍ਰਾਣੀ ਦਾ ਸੱਚੇ ਸਾਹਿਬ ਨਾਲ ਪਰੇਮ ਪੈ ਜਾਵੇ। |
| ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥ | The understanding of him in whose heart the True God ever abides, is ever stable and unequalled. | ਜਿਸ ਦੇ ਦਿਲ ਅੰਦਰ ਸੱਚਾ ਵਾਹਿਗੁਰੂ ਹਮੇਸ਼ਾ ਨਿਵਾਸ ਰੱਖਦਾ ਹੈ ਉਸ ਦੀ ਸਮਝ ਸਦੀਵੀ ਸਥਿਰ ਤੇ ਲਾਸਾਨੀ ਹੈ। |
| ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ | By ruminating over the hymns of the Guru, the mortal obtains the invaluable gem. | ਗੁਰਾਂ ਦੀ ਬਾਣੀ ਨੂੰ ਸੋਚਣ ਤੇ ਸਮਝਣ ਦੁਆਰਾ ਪ੍ਰਾਣੀ ਅਨਮੁੱਲ ਜਵੇਹਰ ਨੂੰ ਪਾ ਲੈਂਦਾ ਹੈ। |
| ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥ | His tongue becomes true, soul becomes true and true becomes his body's form. | ਉਸ ਦੀ ਜੀਭ ਸੱਚੀ ਹੋ ਜਾਂਦੀ ਹੈ, ਆਤਮਾ ਸੱਚੀ ਹੋ ਜਾਂਦੀ ਹੈ ਅਤੇ ਸੱਚਾ ਹੋ ਜਾਂਦਾ ਹੈ ਉਸ ਦੀ ਦੇਹਿ ਦਾ ਸਰੂਪ। |
| ਨਾਨਕ ਸਚੇ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥ | O' Nanak ! ever true are the dealings of those, who serve the True Sat Guru. | ਹੇ ਨਾਨਕ ! ਸਦੀਵੀਂ ਸੱਚਾ ਹੈ ਵਣਜ ਉਨ੍ਹਾਂ ਦਾ, ਜੋ ਸੱਚੇ ਸਤਿਗੁਰਾਂ ਦੀ ਟਹਿਲ ਕਮਾਉਂਦੇ ਹਨ। |
| ● | ● | ● |
| ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ | My marriage is performed, O' my father! By Guru's instruction I have obtained God. | ਮੇਰਾ ਅਨੰਦ ਕਾਰਜ ਹੋ ਗਿਆ ਹੈ, ਹੇ ਮੇਰੇ ਪਿਤਾ! ਗੁਰਾਂ ਦੇ ਉਪਦੇਸ਼ ਦੁਆਰਾ ਮੈਂ ਵਾਹਿਗੁਰੂ ਨੂੰ ਪਾ ਲਿਆ ਹੈ। |
| ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥ | The darkness of my ignorance is removed. The Guru has blazed the very bright light of Divine Knowledge. | ਮੇਰਾ ਬੇਸਮਝੀ ਦਾ ਅਨ੍ਹੇਰਾ ਦੂਰ ਹੋ ਗਿਆ। ਗੁਰਾਂ ਨੇ ਬ੍ਰਹਿਮ-ਬੋਧ ਦੀ ਖਰੀ ਤੇਜ਼ ਰੋਸ਼ਨੀ ਬਾਲ ਦਿੱਤੀ ਹੈ। |
| ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥ ਲਾਧਾ ॥ | The Guru-given Divine Knowledge is shedding lustre and the darkness is dispelled. I have therefore found the priceless gem of God's Name. | ਗੁਰਾਂ ਦਾ ਦਿੱਤਾ ਹੋਇਆ ਬ੍ਰਹਿਮ-ਗਿਆਨ ਪ੍ਰਕਾਸ਼ ਪਸਾਰ ਰਿਹਾ ਹੈ ਅਤੇ ਅਨ੍ਹੇਰਾ ਨਵਿਰਤ ਹੋ ਗਿਆ ਹੈ। ਇਸ ਲਈ ਮੈਨੂੰ ਵਾਹਿਗੁਰੂ ਦੇ ਨਾਮ ਦਾ ਅਮੋਲਕ ਜਵੇਹਰ ਲਭ ਪਿਆ ਹੈ। |
| ਹਉਮੈ ਰੋਗ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥ | My malady of ego has departed and my anguish is over. Under Guru's instruction I myself have | ਮੇਰੀ ਹਉਮੈ ਦੀ ਬੀਮਾਰੀ ਦੂਰ ਹੋ ਗਈ ਹੈ ਤੇ ਮੇਰਾ ਦੁਖੜਾ ਕਟਿਆ ਗਿਆ ਹੈ। ਗੁਰਾਂ ਦੇ ਉਪਦੇਸ਼ ਅਧੀਨ ਆਪਣੀ ਸਵੈ- |

| | | |
|---|---|---|
| | eaten up my self-conceit. | ਹੰਗਤਾ ਨੂੰ ਮੈਂ ਖੁਦ ਹੀ ਖਾ ਲਿਆ ਹੈ। |
| ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥ | I have obtained God of immortal form, as my Spouse. He is imperishable and so dies or goes not. | ਮੈਂ ਅਮਰ ਸਰੂਪ ਵਾਹਿਗੁਰੂ ਨੂੰ ਆਪਣੇ ਪਤੀ ਵਜੋਂ ਪਰਾਪਤ ਕਰ ਲਿਆ ਹੈ। ਉਹ ਨਾਸ-ਰਹਿਤ ਹੈ ਤੇ ਇਸ ਲਈ ਮਰਦਾ ਤੇ ਜਾਂਦਾ ਨਹੀਂ। |
| ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥ | The marriage has been solemnised. O' my father! And by Guru's instruction, I have found God. | ਸ਼ਾਦੀ ਹੋ ਗਈ ਹੈ, ਹੇ ਮੇਰੇ ਪਿਤਾ! ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਮੈਂ ਵਾਹਿਗੁਰੂ ਨੂੰ ਪਰਾਪਤ ਕਰ ਲਿਆ ਹੈ। |

## ਖਬਰ

ਗੁਰਮਤਿ ਪ੍ਰਚਾਰਕ ਗ੍ਰੰਥੀ/ਰਾਗੀ ਸਭਾ ਸੰਗਰੂਰ ਦੇ ਅਹੁਦੇਦਾਰਾਂ ਦੀ ਚੋਣ ਮਿਤੀ 8-10-99 ਨੂੰ ਗੁਰਦੁਆਰਾ ਜੋਤੀ ਸਰੂਪ ਸੰਗਰੂਰ ਵਿਖੇ ਭਾਈ ਧਰਮਪਾਲ ਸਿੰਘ ਜੀ ਦੀ ਸਰਪ੍ਰਸਤੀ ਹੇਠ ਹੋਈ। ਸਰਬਸੰਮਤੀ ਨਾਲ ਹੇਠ ਲਿਖੇ ਅਹੁਦੇ ਦਾਰ ਚੁਣੇ ਗਏ -

| | | | |
|---|---|---|---|
| ਪ੍ਰਧਾਨ | : ਭਾਈ ਰਾਮ ਸਿੰਘ ਜੀ (ਹੈਡ ਗ੍ਰੰਥੀ ਗੁ. ਸਿੰਘ ਸਭਾ) | ਮੀਤ ਪ੍ਰਧਾਨ | : ਭਾਈ ਗੁਰਜੰਟ ਸਿੰਘ ਜੀ |
| | | ਸਕੱਤਰ | : ਭਾਈ ਗੁਰਮੇਲ ਸਿੰਘ ਜੀ |
| ਜਨਰਲ ਸਕੱਤਰ | : ਭਾਈ ਦਰਸ਼ਨ ਸਿੰਘ ਜੀ | ਪ੍ਰੈਸ ਸਕੱਤਰ | : ਭਾਈ ਅਵਤਾਰ ਸਿੰਘ 'ਹੰਸ' |
| ਖਜਾਨਚੀ | : ਭਾਈ ਜਸਬੀਰ ਸਿੰਘ ਉਪਲੀ | ਮੁੱਖ ਸਲਾਹਕਾਰ | : ਭਾਈ ਗੁਰਜੰਤ ਸਿੰਘ 'ਰਾਹੀ' |

ਜਾਰੀ ਕਰਤਾ
ਭਾਈ ਅਵਤਾਰ ਸਿੰਘ ਹੰਸ
ਗੁਰੂ ਅਰਜਨ ਕੀਰਤਨ ਅਕੈਡਮੀ, ਗੁ: ਨਾਨਕਪੁਰਾ, ਸੁਨਾਮੀ ਗੇਟ, ਸੰਗਰੂਰ।

With compliments from
Gurinder Singh

**Asia Rubber Stamps**

*Manufactureres of*
Plastic & Brass Name Plates, Brass Letters
All kinds of Name Badges,

*SPECIALISTS IN :* JOB ENGRAVING WORK WITH PENTOGRAPH MACHINE

SCO: 96-97, Sector: 17-C, Chandigarh Phone: 707195

With compliments from
Rajeev Thaman
Regional Accountant (Liquor)

Phone: (O) 609097

**JAGATJIT INDUSTRIES LIMITED**
Bhandari House, 91, Nehru Place
New Delhi - 110 019
Phones: 91-11-6432641, 6432642, 6432643
Telex: 031-71218 JIL IN
Fax: 91-11-6431442

Regional Office:
250, Sector: 35-A
Chandigarh

# ਸੁਰ ਲਿਪੀਆਂ

## ਭਾਈ ਸੁਬੇਗ ਸਿੰਘ

ਰਾਗ ਸਿਰੀ ਤਾਲ : ਰੂਪਕ

ਜਾਤੀ : ਔੜਵ-ਸੰਪੂਰਣ ਥਾਟ : ਪੂਰਬੀ ਵਾਦੀ : ਰੇ ਸੰਵਾਦੀ : ਪ ਸਮਾਂ : ਸ਼ਾਮ ਸੰਧਿਆ ਕਾਲ

ਆਰੋਹ : ਸ ਰੁੇ ਮੇ ਪ, ਧੁ ਪ, ਮੇ ਪ ਨੀ ਸਂ॥ ਅਵਰੋਹ : ਸਂ ਰੁੇਂ ਨੀ ਧੁ ਪ, ਧੁ ਮੇ, ਰੁੇ ਗ ਰੁੇ ਸ॥

ਪਕੜ : ਸ ਰੁੇ ਰੁੇ ਪ, ਪ ਮੇ, ਧੁ ਪ ਮੇ ਗ ਰੁੇ, ਰੁੇ ਰੁੇ ਸ॥

ਸੁਰ : ਰੁ ਧੁ ਕੋਮਲ ਮੇ ਤੀਬਰ ਬਾਕੀ ਸੁੱਧ ਵਰਜਿਤ ਸੁਰ : ਆਰੋਹ ਵਿੱਚ ਗ ਧ॥

| X | | | 2 | | 3 | | X | | | 2 | | 3 | |
|---|---|---|---|---|---|---|---|---|---|---|---|---|---|
| ਸਥਾਈ | | | | | | | | | | | | | |
| ਪ | ਮੇ | ਗ | ਰੁੇ | ਰੁੇ | ਸ | ਸ | ਨ਼ੀ | ਧ਼ੁ | ਰੁੇ | ਸ | ਸ | ਸ | ਸ |
| ਰਾ | ऽ | ਗਾ | ਵਿ | ਚਿ | ਸ੍ਰੀ | ऽ | ਰਾ | ऽ | ਗ | ਹੈ | ऽ | ऽ | ऽ |
| ਸ | ਸ | ਰੁੇ | ਗ | ਰੁੇ | ਮੇ | ਮੇ | ਪ | ਪ | ਨੀ | ਧੁ | ਧੁ | ਪ | ਪ |
| ਜੇ | ਸ | ਚਿ | ਧ | ਰੇ | ऽ | ਪਿ | ਆ | ऽ | ऽ | ਰੁ | ऽ | ऽ | ऽ |
| ਅੰਤਰਾ | | | | | | | | | | | | | |
| ਪ | ਪ | ਧੁ | ਨੀ | ਨੀ | ਸਂ | ਸਂ | ਸਂ | ਸਂ | ਗਂ | ਰੁੇਂ | ਰੁੇਂ | ਸਂ | ਸਂ |
| ਸ | ਦਾ | ऽ | ਹ | ऽ | ਰਿ | ऽ | ਸਚ | ਮ | ਨ | ਵ | ऽ | ਸੈ | ऽ |
| ਸਂ | ਨੀ | ਧੁ | ਪ | ਪ | ਪ | ਪ | ਮੇ | ਗ | ਮੇਗ | ਰੁੇ | ਰੁੇ | ਸ | ਸ |
| ਨਿਹ | ਚ | ਲ | ਮ | ਤਿ | ऽ | ਅ | ਪਾ | ऽ | ऽऽ | ਰੁ | ऽ | ऽ | ऽ |


With compliments from
**H.S. Oberoi**
Branch Manager

REGE
REGE IMAGING
& CINEFILMS (P) LTD.
SCO: 2467, 1st Floor, Sector: 22-C
Near Chandigarh Hotel, Chandigarh - 160 022
Tel. 708679 & 707737

Residence:
1080 - Phase: 7
Mohali
Phone: 676547



With compliments from
SWARAN SINGH

JAGAT SINGH & SONS AGENCIES
• DISTRIBUTORS • WHOLESALERS • C & F AGENTS
SCO: 2449-50, Sector: 22-C, Chandigarh 160 002
Phones: 709900, 709901 Resi.: 602682
Fax: 0172-709902 Telex: 0395-7555 JSS IN

# ਪ੍ਰੋ. ਤਾਰਾ ਸਿੰਘ

ਰਾਗ ਸਿਰੀ

ਕਹਿਰਵਾ ਤਾਲ

| X | | | | 0 | | | | X | | | | 0 | | | |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | | | | | | |
| | | | | | | | | | | | | | | ਸਾ | ਰੇ̱ |
| | | | | | | | | | | | | | | ਵੀ | ऽ |
| ਪ | - | ਪ | ਪ | ਪ | - | ਪ | ਪ | - | ਮਂ | - | ਧ̱ | ਪ | - | - | - |
| ਆ | ऽ | ਹੁ | ਹੋ | ਆ | ऽ | ਮੇ | ਰੇ | ऽ | ਬਾ | ऽ | ਬੋ | ਲਾ | ऽ | ऽ | ऽ |
| ਮਂ | ਧ̱ | ਮਂ | ਗ | ਰੇ̱ | - | ਮਂ | ਗ | ਰੇ | - | ਸਾ | - | - | - | ਸਾ | ਸਾ |
| ਗੁ | ਰ | ਮੁ | ऽ | ਖੇ | ऽ | ਹ | ਰਿ | ਪਾ | ऽ | ਇਆ | ऽ | ऽ | ऽ | ਅ | ਗਿ |
| ਰੇ̱ | - | ਰੇ̱ | ਰੇ̱ | ਰੇ̱ | - | ਰੇ̱ | - | - | ਗ | ਰੇ̱ | ਰੇ̱ | ਸਾ | - | ਸਾ | ਰੇ̱ |
| ਆ | ऽ | ਨੁ | ਐਂ | ਧੇ | ऽ | ਗਾ | ऽ | ऽ | ਕ | ऽ | ਟਿ | ਆ | ऽ | ਗੁ | ਰ |
| ਧ̱ | - | ਧ̱ | ਧ̱ | ਮਂ | ਗ | ਰੇ̱ | ਗ | ਰੇ | - | - | ਸਾ | - | - | - | - |
| ਗਿਆ | ऽ | ਨੁ | ਪ੍ਰ | ਚੰ | ऽ | ਡ | ਬ | ਲਾ | ऽ | ਇ | ਆ | ऽ | ऽ | ऽ | ऽ |
| ਅੰਤਰਾ | | | | | | | | | | | | | | | |
| ਪ | ਪ | ਪ | ਪ | ਧ̱ | ਪ | ਮਂ | ਪ | ਨੀ | - | ਸਾਂ | ਨੀ | ਸਾਂ | ਸਾਂ | ਸਾਂ | ਸਾਂਸਾਂ |
| ਬਲਿ | ਆ | ਗੁ | ਰ | ਗਿਆ | ऽ | ਨੁ | ਐਂ | ਧੇ | ऽ | ਰਾ | ਬਿ | ਨ | ਸਿ | ਆ | ਹਰਿ |
| ਨੀ | ਰੇ̱ਂ | ਮੈਂ | ਗਂ | ਰੇ̱ਂ | - | ਸਾਂ | ਰੇ̱ਂ | ਸਾਂ | - | ਸਾਂ | - | - | - | - | - |
| ਰ | ਤ | ਨੁ | ਪ | ਦਾ | ऽ | ਰ | ਥ | ਲਾ | ऽ | ਧਾ | ऽ | ऽ | ऽ | ऽ | ऽ |
| ਨੀ | - | ਨੀ | - | ਸਾਂ | - | ਸਾਂ | ਸਾਂ | ਨੀ | ਸਾਂ | ਰੇ̱ਂ | ਨੀ | ਧ̱ | ਧ̱ | ਪ | ਪ |
| ਹਉ | ऽ | ਮੈ | ऽ | ਰੋ | ऽ | ਗੁ | ਗ | ਇਆ | ऽ | ਦੁ | ਖੁ | ਲਾ | ਥਾ | ਆ | ਪੁ |
| ਮਂ | - | - | ਧ̱ | ਮਂ | ਗ | ਰੇ̱ | ਗ | ਰੇ̱ | - | ਸਾ | - | - | - | | |
| ਆ | ऽ | ऽ | ਪੇ | ਗੁ | ਰ | ਮ | ਤਿ | ਖਾ | ऽ | ਧਾ | ऽ | ऽ | ऽ | | |

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

ਸਿੱਖ ਲੀਗ (ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ - 8
ਫੋਨ : 5707096

THE SIKH
REVIEW
(A Monthly Magazine)
116, Karnani Mansion
25-A, Park Street, Calcutta

Medicos Centre

With compliments from
Dr. Gurinder Singh M.D.
CARDIOLOGIST (EX-PGI)

SCO: 822, Ground Floor, Sec: 22-A
Opp. Parade Ground, Chandigarh
Phones: 708255, 715284
Fax: 0172 - 707014, 616041
Timings: 7:30 a.m. to 8:00 p.m.
(Sunday Upto 4:00 p.m.)

*Collection Centre:*
M.K. Medicos
Booth No. 384, Sector 32-D,
Chandigarh Phone: 661349
Timings: 9:00 a.m. to 7:00 p.m.
(Sunday Closed)

*Branch:*
H-No. 239
Sector: 15-A, Chandigarh
Phone: 774088
Timings: 7:30 a.m. to 7:30
(Sunday Closed)

# ਗੁਰਮੁਖ ਢੂਢ ਢੂਢੇਦਿਆਂ

**( Free Matrimonial Service )**

**SUITABLE** match for a Gursikh Khatri Girl (23, 5'-6½"), fair, tall, slim, beautiful, devoted, divorcee, convent educated, doing post graduation in English. Father Govt. Contractor, two brothers, mother housewife, elders hailing from Rawalpindi, now settled in Chandigarh. ***Box:0092***

**SUITABLE** match for a Gursikh Khatri /Arora Boy (23, 5'-8"), B.Sc., Computer trained, convent educated, preparing for 3 years MBA course. Father has wholesale medical shop at Agra, mother teacher, one sister younger. ***Box: 0093***

**GURSIKH** match for Amritdhari Girl (26½,5'), M.A., Punjab Govt. Service, Chandigarh. Simple marriage, around Chandigarh preferred. ***Box:0094***

**SUITABLE** Gursikh match for Sethi undergraduate Girl (28, 5'-3"), fair complexion, smart. Residing Jalandhar City. ***Box: 0095***

**GURSIKH**, not more than 40, educated, well settled, issueless match for 30/5'-4" divorcee, M.A.(Music), B.Ed., girl. Doing Diploma in Computers, employed in Punjab Govt. office at Chandigarh. Send full details with date of birth, time & place and returnable photo at first instance. ***Box: 0096***

**GURMUKH** match for Arora (28, 5'-4") tenth pass, sweet, slim girl, expert in sewing and house hold etc. ***Box:0097***

**Contact : Sardar Harbhajan Singh, # 1246, Sector : 22 B, Chandigarh**




Regd. No. Chandigarh Div./42/99 RNI Regd. No. 46788/89 ISSN-002045

# ਇਲਾਹਾਬਾਦ ਬੈਂਕ

## ਵਿਸ਼ਵਾਸ ਦੀ ਪਰੰਪਰਾ

ਭਾਰਤ ਵਿੱਚ 200
ਦਫਤਰ ਦੇ ਨੈਟਵਰਕ

1865 ਤੋਂ ਦੇਸ਼
ਦੀ ਸੇਵਾ ਵਿੱਚ

## ਦੇਸ਼ਵਾਸੀਆਂ ਲਈ ਸਾਡੀਆਂ ਵੱਖ ਵੱਖ ਸਕੀਮਾਂ

**ਗਰੀਨ ਕਾਰਡ** ਉਨ੍ਹਾਂ ਕਿਸਾਨ ਵੀਰਾਂ ਲਈ ਜਿਹੜੇ ਕਿ ਜ਼ਮੀਨ ਦੇ ਅਸਲੀ ਮਾਲਕ ਹਨ।

- ਕਾਰ ਫਾਇਨੈਂਸ
- ਹਾਊਸਿੰਗ ਫਾਈਨੈਂਸ
- ਕੰਜ਼ਿਊਮਰ ਫਾਈਨੈਂਸ
- ਐਜੂਕੇਸ਼ਨ ਲੋਨ
- ਕਰੈਡਿਟ ਕਾਰਡ
- ਸੇਵਿੰਗ ਬੈਂਕ ਓਵਰ ਡਰਾਫਟ
- ਫਲੈਕਸੀਫਿਕਸ ਡਿਪਾਜ਼ਿਟ

- ਐਨ.ਆਰ.ਆਈ. ਵਰਗ ਲਈ ਵਿਸ਼ੇਸ਼ ਐਨ.ਆਈ. ਸ਼ਾਖਾ ਟੈਲੀਬੈਂਕਿੰਗ ਦੀ ਸੁਬਿਧਾ ਨਾਲ ਜਲੰਧਰ ਵਿਖੇ ਸੇਵਾ ਕਰ ਰਹੀ ਹੈ।
- ਇੰਟਰਨੈਸ਼ਨਲ ਉਦਯੋਗਿਕ ਵਿੱਤ ਸ਼ਾਖਾ ਅੰਤਰਰਾਸ਼ਟਰੀ ਵਪਾਰੀ ਵਰਗ ਲਈ ਟੈਲੀਬੈਂਕਿੰਗ ਦੀ ਸੁਵਿਧਾ ਨਾਲ ਲੁਧਿਆਣਾ ਵਿਖੇ ਸੇਵਾ ਕਰ ਰਹੀ ਹੈ।

ਵਧੇਰੇ ਜਾਣਕਾਰੀ ਲਈ ਆਪਣੇ ਨੇੜੇ ਦੀ ਸਾਡੀ ਕਿਸੇ ਵੀ ਸ਼ਾਖਾ ਨਾਲ ਸੰਪਰਕ ਕਰੋ।

# ਇਲਾਹਾਬਾਦ ਬੈਂਕ

ਮੁੱਖ ਦਫਤਰ - 2, ਨੇਤਾ ਜੀ ਸੁਭਾਸ਼ ਰੋਡ, ਕਲਕੱਤਾ - 700 001
ਖੇਤਰੀ ਦਫਤਰ : ਬੈਂਕ ਸੁਕੇਅਰ, ਸੈਕਟਰ 17-ਬੀ, ਚੰਡੀਗੜ੍ਹ।

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ

1699-1999
KHALSA
Tricentenary
BANK OF PUNJAB

Recognize All Humankind as One

# Celebrating banking relationships *built to last.*

- LONGER BUSINESS HOURS
- BOP MULTIPLIER
- ATM (24 hours cash deposit & withdrawal facility)
- SWIFT (Instant international funds transfer)
- LOCKERS
- BOP FIXED DEPOST

50 BANKING OFFICES ACROSS INDIA
5th Best Bank among 97 in the Country*
OVER 2,50,000 SATISFIED CUSTOMERS

- BOP COMFOT Recurring Deposit
- BEST BARGAIN AUTO LOANS
- FAX BANKING/TELE BANKING
- CASH MANAGEMENT SERVICES (Quick clearance of outstaion cheques)
- REMOTE CUSTOMER TERMINAL
- BOP SAVINGS

* Source Business India Januray 11 to 24, 1999

## BANK OF PUNJAB LTD.

*We Value Relationships*

Visit us at : http//www.bankofpunjab.com